**PM SHRI STUDY MATERIAL**

**ਜਮਾਤ: 10+2, ਵਿਸ਼ਾ: ਅਰਥਸ਼ਾਸਤਰ**

**ਭਾਗ: ਵਿਅਸ਼ਟੀ ਅਰਥਸ਼ਾਸਤਰ**

**ਪ੍ਰਸ਼ਨ: ਅਰਥ ਸ਼ਾਸਤਰ ਤੋਂ ਤੁਹਾਡਾ ਕੀ ਭਾਵ ਹੈ?**

**ਉੱਤਰ**: ਅਰਥ ਸ਼ਾਸਤਰ ਉਹ ਸ਼ਾਸਤਰ ਹੈ ਜਿਸ ਵਿਚ ਮਨੁੱਖਾਂ ਦੇ ਉਨ੍ਹਾਂ ਕੰਮਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਿਨ੍ਹਾਂ ਤੋਂ ਉਹ ਆਪਣੀ ਅਸੀਮਿਤ ਲੋੜਾਂ ਨੂੰ ਸੰਤੁਸ਼ਟ ਕਰਨ ਵਾਲੇ ਸੀਮਤ ਸਾਧਨਾਂ ਅਤੇ ਉਨ੍ਹਾਂ ਦਾ ਸਹੀ ਉਪਯੋਗ ਕਰਨ ਦੇ ਸੰਬੰਧ ਵਿਚ ਕਰਦੇ ਹਨ। ਅਰਥ ਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿਚ (**Economics**) ਕਹਿੰਦੇ ਹਨ। ਅੰਗਰੇਜ਼ੀ ਭਾਸ਼ਾ ਦਾ ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ **Oikos** (ਘਰੇਲੂ) + **Nemein** (ਪ੍ਰਬੰਧ) ਤੋਂ ਲਿਆ ਗਿਆ ਹੈ। ਇਸ ਦਾ ਅਰਥ ਹੈ ਘਰੇਲੂ ਪ੍ਰਬੰਧ। ਹਰੇਕ ਮਨੁੱਖ ਦੀ ਲੋੜ ਅਸੀਮਿਤ ਹੁੰਦੀ ਹੈ। ਪਰ ਉਹਨਾਂ ਨੂੰ ਸੰਤੁਸ਼ਟ ਕਰਨ ਵਾਲੇ ਸਾਧਨ ਜਿਵੇਂ ਕੱਪੜਾ, ਭੋਜਨ ਆਦਿ ਸੀਮਿਤ ਹੁੰਦੇ ਹਨ।ਹਰੇਕ ਮਨੁੱਖ ਆਪਣੇ ਧਨ ਦੀ ਇਸ ਤਰ੍ਹਾਂ ਸਹੀ ਵਰਤੋਂ ਕਰਨੀ ਚਾਹੇਗਾ ਕਿ ਉਹ ਆਪਣੀਆਂ ਵੱਧ ਤੋਂ ਵੱਧ ਲੋੜਾ ਨੂੰ ਨੂੰ ਸੰਤੁਸ਼ਟ ਕਰ ਸਕੇ। ਇਸ ਤਰ੍ਹਾਂ ਇੱਕ ਉਤਪਾਦਕ ਵਿਭਿੰਨ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਲਈ ਆਪਣੇ ਦੁਰਲੱਭ ਸਾਧਨਾਂ ਦੀ ਵੰਡ ਇਸ ਤਰ੍ਹਾਂ ਕਰਦਾ ਹੈ ਉਸਨੂੰ ਅਧਿਕਤਮ ਲਾਭ ਪ੍ਰਾਪਤ ਹੋ ਸਕੇ ਪੂਰੀ ਅਰਥਵਿਵਸਥਾ ਦੇ ਪੱਧਰ ਤੋਂ ਅਧਿਕਤਮ ਸੰਤੁਸ਼ਟੀ ਦਾ ਭਾਵ ਅਧਿਕਤਮ ਸਮਾਜਿਕ ਕਲਿਆਣ ਹੁੰਦਾ ਹੈ।

ਅਰਥ ਸ਼ਾਸਤਰ ਉਹ ਸਮਾਜਿਕ ਵਿਗਿਆਨ ਹੈ ਜਿਸ ਦਾ ਸੰਬੰਧ ਸੀਮਤ ਸਾਧਨਾਂ ਦੀ ਵੰਡ ਇਸ ਢੰਗ ਨਾਲ ਕਰਨਾ ਕਿ ਜਿਸ ਨਾਲ ਉਪਭੋਗਤਾ ਆਪਣੀ ਸੰਤੁਸ਼ਟੀ ਨੂੰ ਅਧਿਕਤਮ ਕਰ ਸਕੇ। ਉਤਪਾਦਕ ਆਪਣੇ ਲਾਭ ਨੂੰ ਅਧਿਕਤਮ ਕਰ ਸਕੇ ਅਤੇ ਸਮਾਜ ਆਪਣੇ ਸਮਾਜਿਕ ਕਲਿਆਣ ਨੂੰ ਅਧਿਕਤਮ ਕਰ ਸਕੇ।

**ਪ੍ਰਸ਼ਨ: ਅਰਥ ਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਪ੍ਰਦਾਨ ਕਰੋ।**

**ਉੱਤਰ:** ਅਰਥ ਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਸਭ ਤੋਂ ਪਹਿਲਾ ਐਡਮ ਸਮਿੱਥ ਨੇ 1776 ਵਿਚ ਆਪਣੀ ਪੁਸਤਕ "An inquiry into nature and causes of wealth of Nation ਵਿਚ ਦਿੱਤੀ ਇਸੇ ਲਈ ਉਸਨੂੰ ਅਰਥਸ਼ਾਸਤਰ ਦਾ ਪਿਤਾ ਕਿਹਾ ਜਾਂਦਾ ਹੈ। ਇਸ ਪਰਿਭਾਸ਼ਾ ਦੇ ਮੁਤਾਬਿਕ ਅਰਥਸ਼ਾਸਤਰ ਵਿਚ ਅਸੀਂ ਅਜਿਹੀਆਂ ਕ੍ਰਿਆਵਾਂ ਦਾ ਅਧਿਐਨ ਕਰਦੇ ਹਾਂ ਜਿਨ੍ਹਾਂ ਦਾ ਸੰਬੰਧ ਧਨ ਨਾਲ ਹੈ। ਐਦਡਮ ਸਮਿਥ ਦੇ ਮੁਤਾਬਿਕ ਧਨ ਤੋਂ ਭਾਵ ਸਿਰਫ ਭੌਤਿਕ ਵਸਤੂਆਂ ਤੋਂ ਹੁੰਦਾ ਹੈ, ਜਿਹਨਾਂ ਦਾ ਕੋਈ ਨਾ ਕੋਈ ਅਕਾਰ ਹੁੰਦਾ ਹੈ ਅਤੇ ਜਿਹਨਾਂ ਨੂੰ ਦੇਖਿਆ ਅਤੇ ਛੂਹਿਆ ਜਾ ਸਕਦਾ ਹੈ, ਇਸ ਤਰ੍ਹਾਂ ਉਹਨਾਂ ਨੇ ਆਪਣੀ ਇਸ ਪਰਿਭਾਸ਼ਾ ਵਿੱਚ ਸੇਵਾਵਾਂ ਨੂੰ ਅਰਥਸ਼ਾਸਤਰ ਦੇ ਖੇਤਰ ਤੋਂ ਬਾਹਰ ਰੱਖਿਆ ਹੈ।

ਉਹਨਾਂ ਦੇ ਮੁਤਾਬਿਕ ਅਰਥਸ਼ਾਸਤਰ ਦਾ ਮੁੱਖ ਸਬੰਧ ਵੱਖ-ਵੱਖ ਰਾਸ਼ਟਰਾਂ ਭਾਵ ਦੇਸ਼ਾਂ ਵਿੱਚ ਮੌਜੂਦ ਧਨ ਦੇ ਸੁਭਾਅ ਅਤੇ ਉਸਦੇ ਕਾਰਨਾਂ ਦਾ ਅਧਿਐਨ ਕਰਨਾ ਹੈ ਭਾਵ ਵੱਖ-ਵੱਖ ਦੇਸ਼ਾਂ ਵਿੱਚ ਕਿਸ ਤਰ੍ਹਾਂ ਦਾ ਧਨ ਮੌਜੂਦ ਹੈ ਭਾਵ ਕੁਦਰਤੀ ਧਨ ਜੋ ਕਿ ਸਾਨੂੰ ਕੁਦਰਤ ਤੋਂ ਪ੍ਰਾਪਤ ਹੁੰਦਾ ਹੈ, ਮਨੁੱਖੀ ਧਨ ਜਿਸ ਤੋਂ ਭਾਵ ਕੁਸ਼ਲ ਅਤੇ ਯੋਗ ਵਿਅਕਤੀਆਂ ਦੀ ਗਿਣਤੀ ਤੋਂ ਹੈ, ਵਿੱਤੀ ਧਨ ਜਿਸ ਤੋਂ ਭਾਵ ਪੈਸੇ ਤੋਂ ਹੈ, ਭੌਤਿਕ ਧਨ ਜਿਸ ਤੋਂ ਭਾਵ ਮਸ਼ੀਨਾਂ ਤੋਂ ਹੈ ਆਦਿ ਅਤੇ ਇਹਨਾਂ ਦੇਸ਼ਾਂ ਵਿੱਚ ਇਸ ਧਨ ਦੀ ਮਾਤਰਾ ਵਿੱਚ ਵਾਧਾ ਕਿਵੇਂ ਕੀਤਾ ਜਾ ਸਕਦਾ ਹੈ?

**ਆਲੋਚਨਾ–** ਇਸ ਪਰਿਭਾਸ਼ਾ ਦੀ ਹੇਠ ਲਿਖੇ ਅਧਾਰ ਤੇ ਆਲੋਚਨਾ ਕੀਤੀ ਜਾ ਸਕਦੀ ਹੈ:

1. ਇਸ ਪਰਿਭਾਸ਼ਾ ਅਨੁਸਾਰ ਅਰਥਸ਼ਾਸਤਰ ਵਿਚ ਧਨ ਨੂੰ ਮਨੁੱਖ ਤੋਂ ਜ਼ਿਆਦਾ ਮਹੱਤਵ ਦੇਣਾ ਗਲਤ ਹੈ ਕਿਉਂਕਿ ਮਨੁੱਖ ਭਲਾਈ ਵਿਚ ਵਾਧਾ ਕਰਨ ਲਈ ਧਨ ਉਦੇਸ਼ ਨਹੀਂ ਸਗੋਂ ਸਿਰਫ਼ ਇੱਕ ਸਾਧਨ ਹੈ
2. ਧਨ ਦੀ ਵਿਆਖਿਆ ਕਰਨ ਵਿਚ ਸਿਰਫ ਭੌਤਿਕ ਵਸਤੂਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਦੋਂ ਕਿ ਅਰਥ ਸ਼ਾਸਤਰ ਵਿਚ ਭੌਤਿਕ ਵਸਤੂਆਂ ਅਤੇ ਅਭੌਤਿਕ ਵਸਤੂਆਂ ਦੋਹਾਂ ਦਾ ਅਧਿਐਨ ਕੀਤਾ ਜਾਂਦਾ ਹੈ।
3. ਇਸ ਪਰਿਭਾਸ਼ਾ ਵਿੱਚ ਜਿਸ ਮਨੁੱਖ ਨੂੰ ਸ਼ਾਮਿਲ ਕੀਤਾ ਗਿਆ ਹੈ, ਉਹ ਆਰਥਿਕ ਮਨੁੱਖ ਹੈ, ਜੋ ਕਿ ਹਮੇਸ਼ਾਂ ਆਪਣੇ ਬਾਰੇ ਵਿੱਚ ਸੋਚਦਾ ਹੈ, ਜੋ ਕਿ ਗਲਤ ਹੈ। ਅਸਲ ਵਿੱਚ ਮਨੁੱਖ ਆਰਥਿਕ ਨਹੀਂ, ਬਲਕਿ ਸਮਾਜਿਕ ਹੁੰਦੇ ਹਨ।

**ਪ੍ਰਸ਼ਨ: ਅਰਥ ਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਪ੍ਰਦਾਨ ਕਰੋ।**

**ਉੱਤਰ:** ਡਾ. ਮਾਰਸ਼ਲ ਨੇ 1890 ਵਿਚ ਆਪਣੀ ਕਿਤਾਬ ਅਰਥਸ਼ਾਸਤਰ ਦੇ ਸਿਧਾਂਤ ਵਿਚ ਇਸ ਦੀ ਪਰਿਭਾਸ਼ਾ ਦਿੱਤੀ। ਮਾਰਸ਼ਲ ਦੇ ਅਨਸਾਰ 'ਅਰਥਸ਼ਾਸਤਰ ਜੀਵਨ ਦੇ ਸਧਾਰਨ ਵਪਾਰ ਸੰਬੰਧੀ ਮਨੁੱਖ ਜਾਤੀ ਦਾ ਅਧਿਐਨ ਹੈ ਇਹ ਵਿਅਕਤੀਗਤ ਅਤੇ ਸਮਾਜਿਕ ਕਿਰਿਆਵਾਂ ਦੇ ਉਸ ਹਿੱਸੇ ਦਾ ਅਧਿਐਨ ਕਰਦਾ ਹੈ ਜਿਸ ਦਾ ਡੂੰਘਾ ਸੰਬੰਧ ਕਲਿਆਣ ਕਰਨ ਵਾਲੇ ਭੌਤਿਕ ਪਦਾਰਥਾਂ ਨੂੰ ਪ੍ਰਾਪਤ ਅਤੇ ਪ੍ਰਯੋਗ ਕਰਨ ਨਾਲ ਹੈ।

ਇਸ ਪਰਿਭਾਸ਼ਾ ਵਿੱਚ ਡਾ. ਮਾਰਸ਼ਲ ਦਾ ਕਹਿਣਾ ਹੈ ਕਿ ਅਰਥਸ਼ਾਸਤਰ ਦਾ ਮੁੱਖ ਵਿਸ਼ਾ ਮਨੁੱਖੀ ਕਲਿਆਣ ਦਾ ਅਧਿਐਨ ਕਰਨਾ ਹੈ ਅਤੇ ਇਹ ਕਲਿਆਣ ਲੋਕਾਂ ਨੂੰ ਭੌਤਿਕ ਵਸਤੂਆਂ ਭਾਵ ਉਹ ਵਸਤੂਆਂ ਜਿਹਨਾਂ ਨੂੰ ਵੇਖਿਆ ਅਤੇ ਛੂਹਿਆ ਜਾ ਸਕਦਾ ਹੈ, ਤੋਂ ਮਿਲਦਾ ਹੈ। ਜਿਹਨਾਂ ਵਸਤੂਆਂ ਨੂੰ ਵੇਖਿਆ ਅਤੇ ਛੂਹਿਆ ਨਹੀਂ ਜਾ ਸਕਦਾ, ਉਹਨਾਂ ਤੋਂ ਕਲਿਆਣ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਇਸ ਤਰ੍ਹਾਂ ਉਹਨਾਂ ਨੇ ਸੇਵਾਵਾਂ ਨੂੰ ਅਰਥਸ਼ਾਸਤਰ ਦੇ ਖੇਤਰ ਤੋਂ ਬਾਹਰ ਰੱਖਿਆ ਹੈ। ਇਸ ਦੇ ਨਾਲ ਨਾਲ ਡਾ. ਮਾਰਸ਼ਲ ਦਾ ਕਹਿਣਾ ਹੈ ਕਿ ਅਰਥਸ਼ਾਸਤਰ ਵਿੱਚ ਆਰਥਿਕ ਮਨੁੱਖ ਦਾ ਨਹੀਂ, ਬਲਕਿ ਸਮਾਜਿਕ ਮਨੁੱਖ ਦਾ ਅਧਿਐਨ ਕਰਨਾ ਚਾਹੀਦਾ ਹੈ, ਜੋ ਕਿ ਸਮਾਜ ਵਿੱਚ ਰਹਿੰਦਾ ਹੈ ਅਤੇ ਸਮਾਜ ਦੇ ਇੱਕ ਮੈਂਬਰ ਦੇ ਤੌਰ ਤੇ ਕੰਮ ਕਰਦਾ ਹੈ।

**ਆਲੋਚਨਾ**-ਲਾਰਡ ਰੋਬਿੰਸ ਨੇ ਇਸ ਪਰਿਭਾਸ਼ਾ ਦੀ ਕਈ ਕਾਰਨਾਂ ਨਾਲ ਆਲੋਚਨਾਂ ਕੀਤੀ ਗਈ ਹੈ। ਜਿਹਨਾਂ ਦਾ ਵਰਣਨ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ:

1.ਅਰਥਸ਼ਾਸਤਰ ਵਿਚ ਸਾਰੇ ਮਨੁੱਖਾਂ ਦੇ ਆਰਥਿਕ ਕੰਮਾਂ ਦਾ ਅਧਿਐਨ ਕੀਤਾ ਜਾਂਦਾ ਹੈ ਚਾਹੇ ਉਹ ਸਮਾਜ ਵਿਚ ਰਹਿੰਦੇ ਹੋਣ ਚਾਹੇ ਨਹੀਂ।
2. ਅਰਥਸ਼ਾਸਤਰ ਵਿਚ ਸਾਰੇ ਤਰ੍ਹਾਂ ਦੇ ਸੀਮਤ ਸਾਧਨਾਂ ਨਾਲ ਜੁੜੇ ਆਰਥਿਕ ਕੰਮਾਂ ਦਾ ਅਧਿਐਨ ਕੀਤਾ ਜਾਂਦਾ ਹੈ ਚਾਹੇ ਉਹ ਭੌਤਿਕ ਹੋਣ ਜਾਂ ਅਭੌਤਿਕ।

3. ਅਰਥਸ਼ਾਸਤਰ ਵਿਚ ਸਾਰੇ ਤਰ੍ਹਾਂ ਦੇ ਆਰਥਿਕ ਕੰਮਾਂ ਦਾ ਅਧਿਐਨ ਕੀਤਾ ਜਾਂਦਾ ਹੈ ਚਾਹੇ ਉਹਨਾਂ ਨਾਲ ਕਲਿਆਣ ਵਿਚ ਵਾਧਾ ਹੋਵੇ।

**ਪ੍ਰਸ਼ਨ: ਅਰਥਸ਼ਾਸਤਰ ਦੀ ਦੁਰੱਲਭਤਾ ਸਬੰਧੀ ਪਰਿਭਾਸ਼ਾ ਦਾ ਵਰਣਨ ਕਰੋ।**

ਉੱਤਰ- ਲਾਰਡ ਰੋਬਿਨਜ ਨੇ 1932 ਵਿੱਚ ਅਰਥਸਾਸਤਰ ਦੀ ਦੁਰਲੱਭਤਾ ਸੰਬੰਧੀ ਪਰਿਭਾਸਾ ਦਿੱਤੀ ਹੈ. ਲਾਰਡ ਰੋਬਿਨਜ ਅਨੁਸਾਰ " ਅਰਥਸ਼ਾਸਤਰ ਇੱਕ ਅਜਿਹਾ ਵਿਗਿਆਨ ਹੈ ਜੋ ਵੱਖ-ਵੱਖ ਉਪਯੋਗਾ ਵਾਲੇ ਸੀਮਿਤ ਸਾਧਨਾਂ ਅਤੇ ਉਦੇਸ਼ਾ ਨਾਲ ਸੰਬੰਧ ਰੱਖਣ ਵਾਲੇ ਮਨੁੱਖੀ ਵਿਹਾਰ ਦਾ ਅਧਿਐਨ ਕਰਦਾ ਹੈ।" ਇਸ ਲਈ ਅਰਸ਼ਾਸਤਰ ਵਿੱਚ ਮਨੁੱਖ ਦੀਆਂ ਉਹਨਾਂ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਿੰਨਾਂ ਨੂੰ ਉਹ ਆਪਣੀਆਂ ਅਸੀਮਿਤ ਲੋੜਾਂ ਨੂੰ ਪੂਰਾ ਕਰਨ ਵਾਲੇ ਸੀਮਤ ਸਾਧਨਾਂ ਦੀ ਪ੍ਰਾਪਤੀ ਲਈ ਕਰਦੇ ਹਨ। ਇਹ ਸਾਧਨ ਨਾ ਸਿਰਫ ਸੀਮਤ ਹੁੰਦੇ ਹਨ ਸਗੋਂ ਇਹਨਾਂ ਦੇ ਵਿਕਲਪੀ ਪ੍ਰਯੋਗ ਹੁੰਦੇ ਹਨ । ਇਸ ਤਰ੍ਹਾ ਅਰਥਸ਼ਾਸਤਰ (1) ਅਸੀਮਤ ਲੋੜਾਂ ਨੂੰ ਪੂਰਾ ਕਰਨ ਵਾਲੇ (2) ਸੀਮਤ ਸਾਧਨਾਂ ਜਿਨਾਂ ਦੇ ਵੱਖ- ਵੱਖ ਵਰਤੋਂ ਹੁੰਦੇ ਹਨ, ਦੇ ਬਾਰੇ ਵਿੱਚ ਅਧਿਐਨ ਹੈ।

ਅਲੋਚਨਾ- ਅਰਥਸ਼ਾਸਤਰੀਆਂ ਜਿਵੇਂ ਡਰਬਿਨ, ਫਰੇਜਰ, ਏਲੀ ਆਦਿ ਇਸ ਪਰਿਭਾਸ਼ਾ ਦੀ ਵੀ ਅਲੋਚਨਾ ਕਰਦੇ ਹਨ । ਉਹਨਾਂ ਅਨੁਸਾਰ ਰੋਬਨਜ਼ ਨੇ ਅਰਥਸ਼ਾਸਤਰ ਨੂੰ ਸਿਰਫ ਚੋਣ ਜਾਂ ਮੁੱਲ ਨਿਰਧਾਰਣ ਦਾ ਸ਼ਾਸਤਰ ਬਣਾ ਦਿਤਾ ਹੈ। ਇਸ ਦਾ ਮਨੁੱਖ ਦੇ ਕਲਿਆਣ ਅਤੇ ਇਸ ਦੀਆਂ ਆਰਥਿਕ ਸਮੱਸਿਆਵਾਂ ਨੂੰ ਸੁਲਝਾਉਣ ਲਈ ਸੰਬੰਧ ਨਹੀਂ ਰੱਖਿਆ ਗਿਆ ਹੈ। ਇਹ ਅਰਥਸ਼ਾਸਤਰ ਦੀ ਇਕ ਅਵਿਵਹਾਰਕ, ਜਟਿਲ ਅਤੇ ਗਤੀਹੀਨ ਪਰਿਭਾਸ਼ਾ ਹੈ।

**ਪ੍ਰਸ਼ਨ: ਅਰਥਸ਼ਾਸਤਰ ਦੀ ਵਿਕਾਸ ਕੇਂਦਿਰਤ ਪਰਿਭਾਸ਼ਾ ਦਾ ਵਰਣਨ ਕਰੋ।**

**ਉੱਤਰ:** ਨਵੀਨ ਅਰਥਸ਼ਾਸਤਰੀਆਂ ਜਿਵੇਂ ਨੋਬਲ ਪੁਰਸਕਾਰ ਵਿਜੇਤਾ ਅਰਥਸ਼ਾਸਤਰੀ ਪ੍ਰੋ. ਸੇਮਿਉਲਸਨ, ਜਟਿਲ, ਫਰਗੂਸਨ ਆਦਿ ਅਨੁਸਾਰ ਅਰਥਸ਼ਾਸਤਰ ਉਹ ਸ਼ਾਸਤਰ ਹੈ ਜਿਸ ਵਿੱਚ ਉਹਨਾਂ ਕੰਮਾਂ ਦਾ ਅਧਿਐਨ ਕੀਤਾ ਜਾਂਦਾ ਹੈ, ਜੋ ਉਹ ਵੱਧ ਸੰਤੁਸਟੀ ਪ੍ਰਾਪਤ ਕਰਨ ਲਈ ਸੀਮਤ ਸਾਧਨਾਂ ਦੀ ਉਚਿਤ ਵਰਤੋਂ ਦੇ ਸੰਬੰਧ ਵਿੱਚ ਕਰਦੇ ਹਨ।" ਇਹਨਾਂ ਅਰਥਸ਼ਾਸਤਰੀਆਂ ਨੇ ਆਪਣੀ ਪਰਿਭਾਸ਼ਾ ਵਿੱਚ ਮਾਰਸਲ ਅਤੇ ਰੋਬਿਨਜ਼ ਦੋਹਾਂ ਦੀਆਂ ਪਰਿਭਾਸਾਵਾਂ ਨੂੰ ਸ਼ਾਮਿਲ ਕੀਤਾ ਹੈ। ਇਹਨਾਂ ਅਨੁਸਾਰ ਅਰਥਸ਼ਾਸਤਰ ਦਾ ਸਬੰਧ ਸਾਧਨਾਂ ਦੀ ਚੰਗੀ ਵੰਡ ਅਤੇ ਉਪਭੋਗ ਨਾਲ ਹੈ । ਜਿਸ ਦੇ ਸਿਟੇ ਵਜੋਂ ਆਰਥਿਕ ਵਿਕਾਸ ਦੀ ਦਰ ਨੂੰ ਤੇਜ਼ ਕੀਤਾ ਜਾ ਸਕੇ ਅਤੇ ਸਮਾਜਿਕ ਕਲਿਆਣ ਵਿੱਚ ਵਾਧਾ ਕੀਤਾ ਜਾ ਸਕੇ।

ਨੋਬਲ ਪੁਸਕਾਰ ਵਿਜੇਤਾ ਅਰਥਸ਼ਾਸਤਰੀ ਸੈਮਅਲਸਨ ਦੇ ਅਨੁਸਾਰ, "ਅਰਥਸ਼ਾਸਤਰ ਇਸ ਗੱਲ ਦਾ ਅਧਿਐਨ ਕਰਦਾ ਹੈ ਕਿ ਵਿਅਕਤੀ ਅਤੇ ਸਮਾਜ ਕਿਸ ਤਰਾਂ ਮੁਦਰਾ ਦੇ ਸਾਧਨ ਨਾਲ ਜਾਂ ਇਸ ਤੇ ਬਿਨਾ ਵੱਖ ਵਸਤੂਆਂ ਦੇ ਉਤਪਾਦਨ ਦੇ ਲਈ ਵਿਕਲਪੀ ਉਪਯੋਗਾਂ ਵਾਲੇ ਦੁਰਲਭ ਸਾਧਨਾਂ ਦਾ ਪ੍ਰਯੋਗ ਕਰਦੇ ਹਨ ਅਤੇ ਇਹਨਾਂ ਪਦਾਰਥਾਂ ਨੂੰ ਵਰਤਮਾਨ ਅਤੇ ਭਵਿਖ ਦੇ ਉਪਭੋਗ ਦੇ ਲਈ ਸਮਾਜ ਦੇ ਵੱਖ -ਵੱਖ ਲੋਕਾਂ ਅਤੇ ਵਰਗਾਂ ਵਿੱਚ ਵੰਡਦੇ ਹਨ। ਇਹ ਸਾਧਨਾਂ ਦੀ ਵੰਡ ਵਿੱਚ ਕੀਤੇ ਜਾਣ ਵਾਲੇ ਸੁਧਾਰਾਂ ਦੇ ਲਾਭਾਂ ਅਤੇ ਲਾਗਤਾਂ ਦਾ ਵਿਸ਼ਲੇਸ਼ਨ ਕਰਦਾ ਹੈ।"

**ਪ੍ਰਸ਼ਨ: ਅਰਥਸ਼ਾਸਤਰ ਵਿੱਚ ਚੌਣ ਦੀ ਸਮੱਸਿਆ ਲਈ ਜ਼ਿੰਮੇਵਾਰ ਕਿਹੜੇ ਕਿਹੜੇ ਕਾਰਨ ਹਨ?**

**ਉੱਤਰ:** ਚੋਣ ਦੀ ਸਮੱਸਿਆਂ ਇਸ ਲਈ ਉਤਪੰਨ ਹੁੰਦੀ ਹੈ (1) ਜਰੂਰਤਾਂ ਦੀ ਤੁਲਣਾ ਵਿੱਚ ਸੰਸਾਧਨ ਸੀਮਿਤ ਹੁੰਦੇ ਹਨ ਅਤੇ (2) ਇਹਨਾਂ ਸੰਸਾਧਨਾਂ ਦਾ ਵਿਕਲਪਿਕ ਇਸਤੇਮਾਲ ਹੁੰਦਾ ਹੈ।

ਚੋਣ ਦੀ ਸਮੱਸਿਆਂ ਦੇ ਕਾਰਣ-

1. ਸੀਮਿਤ ਸਾਧਨ- ਆਰਥਿਕ ਸਾਧਨ ਇਹਨਾਂ ਦੀ ਮੰਗ ਦੀ ਤੁਲਨਾ ਵਿੱਚ ਦੁਰਲੱਭ ਹਨ। ਜੇਕਰ ਸਾਰੇ ਆਰਥਿਕ ਸਾਧਨ ਬਹੁਤ ਅਧਿਕ ਮਾਤਰਾ ਵਿੱਚ ਹੁੰਦੇ ਤਾਂ ਕਿਸੇ ਤਰ੍ਹਾਂ ਦੀ ਆਰਥਿਕ ਸਮਿਆਵਾਂ ਨਾ ਹੁੰਦੀ। ਸਾਧਨਾ ਦੀ ਦੁਰਲੱਭਤਾ ਹੀ ਚੋਣ ਦੀ ਸਮੱਸਿਆ ਦਾ ਕਾਰਨ ਹੈ।

2. ਵਿਕਲਪਿਕ ਪ੍ਰਯੋਗ- ਵੱਖ-ਵੱਖ ਸਾਧਨਾਂ ਦਾ ਵਿਕਲਪਿਕ ਪ੍ਰਯੋਗ ਚੋਣ ਦੀ ਸਮੱਸਿਆ ਦਾ ਕਾਰਨ ਹੈ । ਹਰੇਕ ਪਰਿਵਾਰ ਨੂੰ ਆਪਣੇ ਸੀਮਤਾਂ ਸਾਧਨਾਂ ਨਾਲ ਆਪਣੀਆਂ ਅਸੀਮਤ ਲੋੜਾਂ ਨੂੰ ਪੂਰਾ ਕਰਨਾ ਪੈਦਾ ਹੈ। ਜਿਵੇਂ ਦੁਧ ਇੱਕ ਦੁਰਲੱਭ ਵਸਤੂ ਹੈ। ਇਸ ਦਾ ਪ੍ਰਯੋਗ ਚਾਹ, ਕੋਫੀ, ਪਨੀਰ ਆਦਿ ਬਣਾਉਣ ਲਈ ਕੀਤਾ ਜਾ ਸਕਦਾ ਹੈ ਇਸ ਤੋਂ ਚੋਣ ਦਾ ਸਮੱਸਿਆ ਪੈਦਾ ਹੁੰਦੀ ਹੈ ਕਿ ਕਿਹੜੀ ਲੋੜ ਪਹਿਲਾਂ ਕੀਤੀ ਜਾਵੇ ਅਤੇ ਕਿਹੜੀ ਬਾਅਦ ਵਿੱਚ ? ਇਸ ਲਈ ਸਾਨੂੰ ਇਹ ਵੇਖਣਾ ਪੈਦਾ ਹੈ ਕਿ ਅਸੀਂ ਆਪਣੇ ਸੀਮੀਤ ਸਾਧਨਾਂ ਦੀ ਵਰਤੋਂ ਕਰਕੇ ਕਿਸ ਵਸਤੂ ਨੂੰ ਪ੍ਰਾਪਤ ਕਰਨ ਲਈ ਕਿਸ ਵਸਤੂ ਦਾ ਤਿਆਗ ਕਰਨਾ ਹੈ?

ਇਸ ਤਰਾਂ ਸਾਡੇ ਸਾਧਨ ਸੀਮਿਤ ਅਤੇ ਸਾਡੀਆਂ ਲੋੜਾਂ ਅਸੀਮਿਤ ਹੋਣ ਕਾਰਨ ਚੋਣ ਦੀ ਸਮੱਸਿਆ ਪੈਦਾ ਹੁੰਦੀ ਹੈ ਅਸਲ ਵਿਚ ਚੋਣ ਦੀ ਸਮੱਸਿਆ ਹੀ ਅਰਥਸ਼ਾਸਤਰ ਦੀ ਮੁੱਖ ਸਮੱਸਿਆ ਹੈ।

**ਪ੍ਰਸ਼ਨ: ਵਿਅਸ਼ਟੀ ਅਰਥ ਸ਼ਾਸਤਰ ਤੋਂ ਕੀ ਭਾਵ ਹੈ?**

**ਉੱਤਰ**: ਵਿਅਸ਼ਟੀ ਅਰਥ ਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਮਾਈਕਰੋ (Micro Economics) ਕਿਹਾ ਜਾਂਦਾ ਹੈ, ਜੋ ਕਿ ਯੂਨਾਨੀ ਭਾਸ਼ਾ ਦੇ ਸ਼ਬਦ Mikros ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਛੋਟਾ। ਜਦੋਂ ਅਸੀ ਆਰਥਿਕ ਸਮੱਸਿਆਵਾਂ ਨੂੰ ਛੋਟੇ ਛੋਟੇ ਭਾਗਾਂ ਵਿੱਚ ਵੰਡ ਕੇ ਇਕ ਇਕ ਹਿੱਸੇ ਦਾ ਅਧਿਐਨ ਕਰਦੇ ਹਾਂ ਤਾਂ ਇਸ ਨੂੰ ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਕਿਹਾ ਜਾਂਦਾ ਹੈ।

ਪ੍ਰੋ: ਸੋਪੀਰੋ ਦੇ ਅਨੁਸਾਰ ਵਿਅਸ਼ਟੀ ਅਰਥਸ਼ਾਸਤਰ ਦਾ ਸਬੰਧ ਅਰਥ ਵਿਵਸਥਾ ਦੇ ਛੋਟੇ ਭਾਗਾਂ ਨਾਲ ਹੈ। ਵਿਅਸ਼ਟੀ ਅਰਥਸ਼ਾਸਤਰ ਦੀਆ ਇਕਾਈਆਂ ਵਿੱਚ ਵਿਅਕਤੀਗਤ ਉਪਭੋਗਤਾ ਜਾ ਪਰਿਵਾਰ, ਵਿਅਕਤੀਗਤ ਉਤਪਾਦਨ ਇਕਾਈਆਂ ਜਿਵੇਂ ਫਰਮਾਂ, ਵਿਅਕਤੀਗਤ ਉਦਯੋਗਾਂ ਜਾਂ ਵਿਅਕਤੀਗਤ ਉਤਪਾਦਨ ਦੇ ਸਾਧਨਾਂ ਨੂੰ ਸ਼ਾਮਿਲ ਕੀਤਾਂ ਜਾਂਦਾ ਹੈ।

ਇਸ ਵਿਚ ਗੱਲ ਦੀ ਵਿਅਖਿਆ ਕੀਤੀ ਜਾਂਦੀ ਹੈ ਕਿ ਇਹ ਵਿਅਕਤੀਗਤ ਇਕਾਈਆ ਆਪਣੇ ਫੈਸਲੇ ਕਿਸ ਤਰਾਂ ਲੈਦੀਆ ਹਨ। ਇਸ ਤਰ੍ਹਾ ਇਸ ਵਿੱਚ ਵਿਅਕਤੀਗਤ ਪੱਧਰ ਤੇ ਆਰਥਿਕ ਸਮੱਸਿਆਵਾ ਜਾਂ ਆਰਥਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ, ਜਿਵੇਂ ਇਕ ਉਪਭੋਗੀ ਇਕ ਫਰਮ ਇਕ ਪਰਿਵਾਰ ਦੀਆ ਆਰਥਿਕ ਸਮੱਸਿਆਵਾ।

**ਪ੍ਰਸ਼ਨ: ਸਮਸ਼ਟੀ ਅਰਥ ਸ਼ਾਸਤਰ ਦਾ ਅਰਥ ਕੀ ਹੈ**

**ਉੱਤਰ::** ਸਮਸ਼ਟੀ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ MAKROS ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਵੱਡਾ. ਇਸ ਲਈ, ਸਮਸ਼ਟੀ ਅਰਥਸ਼ਾਸਤਰ ਅਰਥਸ਼ਾਸਤਰ ਦੀ ਉਹ ਸ਼ਾਖਾ ਹੈ ਜੋ ਵੱਖ-ਵੱਖ ਆਰਥਿਕ ਗਤੀਵਿਧੀਆਂ ਜਾਂ ਆਰਥਿਕ ਸਮੱਸਿਆਵਾਂ ਨਾਲ ਵੱਡੇ ਪੱਧਰ 'ਤੇ ਜਾਂ ਸਮੁੱਚੇ ਅਰਥਚਾਰੇ ਦੇ ਪੱਧਰਾ ਤੇ ਕੰਮ ਕਰਦੀ ਹੈ.

ਸਮਸ਼ਟੀ -ਅਰਥਸ਼ਾਸਤਰ ਦਾ ਮੁੱਖ ਵਿਸ਼ਾ ਵਸਤੂਆਂ ਦੀ ਸਮੁੱਚੀ ਮੰਗ ਹੈ ਜਿਵੇਂ ਕਿ ਸਮੁੱਚੀ ਮੰਗ, ਸਮੁੱਚੀ ਸਪਲਾਈ, ਸਮੁੱਚੀ ਖਪਤ, ਰਾਸ਼ਟਰੀ ਆਮਦਨੀ, ਵਿਦੇਸ਼ੀ ਮੁਦਰਾ ਦਰ, ਭੁਗਤਾਨ ਦਾ ਸੰਤੁਲਨ ਆਦਿ ਕਿਉਂਕਿ ਸਮਸ਼ਟੀ ਅਰਥਸ਼ਾਸਤਰ ਨੇ ਪੂਰੀ ਆਰਥਿਕਤਾ ਨੂੰ ਮੰਨਦਿਆਂ ਵੱਖ ਵੱਖ ਆਰਥਿਕ ਸਮੱਸਿਆਵਾਂ ਅਤੇ ਆਰਥਿਕ ਗਤੀਵਿਧੀਆਂ ਦਾ ਅਧਿਐਨ ਕੀਤਾ. ਇੱਕ ਸਮੂਹ ਅਤੇ ਇਹੀ ਕਾਰਨ ਹੈ ਕਿ ਇਸਨੂੰ ਸਮੂਹ ਅਰਥ ਸ਼ਾਸਤਰ ਵੀ ਕਿਹਾ ਜਾਂਦਾ ਹੈ.

ਫੇਲਨਰ ਦੇ ਅਨੁਸਾਰ, "ਮੈਕਰੋ ਅਰਥਸ਼ਾਸਤਰ ਵਿਅਕਤੀਗਤ ਫੈਸਲੇ ਲੈਣ ਵਾਲੀਆਂ ਇਕਾਈਆਂ ਦਾ ਸਮੁੱਚੇ ਅਧਿਐਨ ਕਰਦੀ ਹੈ, ਖ਼ਾਸਕਰ ਸਮੁੱਚੀ ਅਰਥਵਿਵਸਥਾ."

**ਪ੍ਰਸ਼ਨ: - ਵਿਅਸ਼ਟੀ ਅਰਥਸ਼ਾਸਤਰ ਅਤੇ ਸਮਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਬਾਰੇ ਵਿਚਾਰ ਵਟਾਂਦਰਾ ਕਰੋ.**

**ਉੱਤਰ:** - ਅਰਥਸ਼ਾਸਤਰ ਦੀਆਂ ਇਹਨਾਂ ਦੋ ਕਿਸਮਾਂ ਦੇ ਵਿਚਕਾਰ ਮੁੱਖ ਅੰਤਰ ਇਹਨਾਂ ਦੋ ਵਿਗਿਆਨਾਂ ਵਿੱਚ ਸ਼ਾਮਲ ਪਰਿਵਰਤਨ ਦੀ ਪ੍ਰਕਿਰਤੀ, ਉਹਨਾਂ ਦੁਆਰਾ ਅਧਿਐਨ ਕੀਤੀ ਆਰਥਿਕ ਗਤੀਵਿਧੀ ਦਾ ਪੱਧਰ ਆਦਿ ਤੇ ਬਣਾਇਆ ਜਾ ਸਕਦਾ ਹੈ ਇਹਨਾਂ ਦੋ ਕਿਸਮਾਂ ਦੀ ਅਰਥ ਸ਼ਾਸਤਰ ਦੇ ਵਿੱਚ ਮੁੱਖ ਅੰਤਰ ਨੂੰ ਇਸ ਤਰਾਂ ਸਮਝਾਇਆ ਗਿਆ ਹੈ:

| ਵਿਅਸ਼ਟੀ ਅਰਥਸ਼ਾਸਤਰ | ਸਮਸ਼ਟੀ ਅਰਥਸ਼ਾਸਤਰ |
|---|---|
| 1. ਵਿਅਸ਼ਟੀ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ MIKROS ਤੋਂ ਲਿਆ ਗਿਆ ਹੈ ਜਿਸਦਾ ਅਰਥ ਛੋਟਾ ਹੈ. | 1. ਸਮਸ਼ਟੀ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ MAKROS ਤੋਂ ਲਿਆ ਗਿਆ ਹੈ ਜਿਸਦਾ ਅਰਥ ਵੱਡਾ ਹੈ. |
| 2. ਵਿਅਸ਼ਟੀ ਅਰਥਸ਼ਾਸਤਰ ਵਿਅਕਤੀਗਤ ਪੱਧਰ 'ਤੇ ਆਰਥਿਕ ਗਤੀਵਿਧੀਆਂ ਨਾਲ ਸੰਬੰਧਿਤ ਹੈ. | 2. ਸਮਸ਼ਟੀ ਅਰਥਸ਼ਾਸਤਰ ਸਮੁੱਚੇ ਅਰਥਚਾਰੇ ਦੇ ਪੱਧਰ 'ਤੇ ਆਰਥਿਕ ਗਤੀਵਿਧੀਆਂ ਨਾਲ ਸੰਬੰਧਿਤ ਹੈ. |
| 3. ਵਿਅਸ਼ਟੀ ਅਰਥਸ਼ਾਸਤਰ ਦਾ ਮੁੱਖ ਵਿਸ਼ਾ ਵਿਅਕਤੀਗਤ ਖਪਤਕਾਰ, ਵਿਅਕਤੀਗਤ ਉਤਪਾਦਕ, ਵਿਅਕਤੀਗਤ ਘਰੇਲੂ, ਵਿਅਕਤੀਗਤ ਫਰਮ ਜਾਂ ਵਿਅਕਤੀਗਤ ਉਦਯੋਗ ਹੈ. | 3. ਸਮਸ਼ਟੀ ਅਰਥਸ਼ਾਸਤਰ ਦਾ ਮੁੱਖ ਵਿਸ਼ਾ ਪੂਰਨ ਰੁਜ਼ਗਾਰ, ਰਾਸ਼ਟਰੀ ਆਮਦਨ, ਭੁਗਤਾਨ ਸੰਤੁਲਨ ਜਾਂ ਮੁਦਰਾ ਸਥਿਰਤਾ ਨਾਲ ਜੁੜੇ ਮੁੱਦੇ ਆਦਿ ਹੈ. |
| 4. ਵਿਅਸ਼ਟੀ ਅਰਥਸ਼ਾਸਤਰ ਨੂੰ ਕੀਮਤ ਨਿਰਧਾਰਣ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਵੱਖ ਵੱਖ ਖਪਤਕਾਰਾਂ ਅਤੇ ਉਤਪਾਦਕਾਂ ਦੀਆਂ ਕੀਮਤਾਂ ਦੇ ਨਿਰਧਾਰਣ ਨਾਲ ਸਬੰਧਤ ਹੈ. | 4. ਸਮਸ਼ਟੀ ਅਰਥਸ਼ਾਸਤਰ ਨੂੰ ਆਮਦਨ ਅਤੇ ਉਤਪਾਦਨ ਅਤੇ ਰੁਜ਼ਗਾਰ ਦਾ ਸਿਧਾਂਤ ਕਿਹਾ ਜਾਂਦਾ ਹੈ ਕਿਉਂਕਿ ਇਹ ਸਮੁੱਚੇ ਅਰਥਚਾਰੇ ਦੇ ਪੱਧਰ ਤੇ ਇਹਨਾਂ ਦੇ ਦ੍ਰਿੜਤਾ ਨਾਲ ਸਬੰਧਤ ਹੈ ਅਤੇ ਇਹ ਇਹਨਾਂ ਵੱਖ ਵੱਖ ਪੜਾਵਾਂ ਦਰਮਿਆਨ ਤੀਹਰੀ ਪਛਾਣ ਵੀ ਸਾਬਤ ਕਰਦਾ ਹੈ. |
| 5. ਵਿਅਸ਼ਟੀ ਅਰਥਸ਼ਾਸਤਰ ਵਿੱਚ, ਬਾਜ਼ਾਰ ਪ੍ਰਮੁੱਖ ਭੂਮਿਕਾ ਅਦਾ ਕਰਦੀ ਹੈ ਕਿਉਂਕਿ ਇਹ ਕੀਮਤਾਂ ਦੇ ਨਿਰਧਾਰਣ ਨਾਲ ਸਬੰਧਤ ਹੈ ਅਤੇ ਕੀਮਤਾਂ ਬਾਜ਼ਾਰ ਵਿੱਚ ਨਿਰਧਾਰਤ ਕੀਤੀਆਂ ਜਾਂਦੀਆਂ ਹਨ, ਇਸ ਲਈ ਬਾਜ਼ਾਰ ਦੀ ਮੁੱਖ ਭੂਮਿਕਾ ਹੁੰਦੀ ਹੈ. | 5. ਕਿਉਂਕਿ ਸਮਸ਼ਟੀ-ਅਰਥਸ਼ਾਸਤਰ ਰਾਸ਼ਟਰੀ ਆਮਦਨ ਅਤੇ ਰਾਸ਼ਟਰੀ ਉਤਪਾਦਨ ਦੇ ਨਿਰਧਾਰਣ ਨਾਲ ਸੰਬੰਧਿਤ ਹੈ ਅਤੇ ਇਹ ਸਰਕਾਰ ਹੈ ਜੋ ਇਨ੍ਹਾਂ ਨੂੰ ਨਿਰਧਾਰਤ ਕਰਦੀ ਹੈ, ਇਸ ਲਈ ਸਮਸ਼ਟੀ ਅਰਥਸ਼ਾਸਤਰ ਵਿੱਚ, ਸਰਕਾਰ ਮੁੱਖ ਭੂਮਿਕਾ ਨਿਭਾਉਂਦੀ ਹੈ. |
| 6. ਵਿਅਸ਼ਟੀ ਅਰਥਸ਼ਾਸਤਰ ਮੰਨਦਾ ਹੈ ਕਿ ਸਮਸ਼ਟੀ ਚਰਾ ਵਿਚ ਕੋਈ ਬਦਲਾਅ ਨਹੀਂ ਹੈ. ਇਸਦਾ ਅਰਥ ਇਹ ਹੈ ਕਿ ਜਦੋਂ ਇੱਕ ਫਰਮ ਜਾਂ ਉਦਯੋਗ ਦੀ ਕੀਮਤ ਅਤੇ ਉਤਪਾਦਨ ਦਾ ਅਧਿਐਨ ਕੀਤਾ ਜਾਂਦਾ ਹੈ, ਤਾਂ ਇਹ ਮੰਨਿਆ ਜਾਂਦਾ ਹੈ ਕਿ ਉਤਪਾਦਨ ਦੇ ਕੁੱਲ ਖੰਡ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ. | 6. ਸਮਸ਼ਟੀ ਅਰਥਸ਼ਾਸਤਰ ਮੰਨਦਾ ਹੈ ਕਿ ਵਿਅਸ਼ਟੀ ਚਰਾ ਵਿਚ ਕੋਈ ਬਦਲਾਅ ਨਹੀਂ ਹੈ. ਇਸਦਾ ਅਰਥ ਇਹ ਹੈ ਕਿ ਜਦੋਂ ਕੁਲ ਉਤਪਾਦਨ ਅਤੇ ਰਾਸ਼ਟਰੀ ਆਮਦਨੀ ਦਾ ਅਧਿਐਨ ਕੀਤਾ ਜਾਂਦਾ ਹੈ, ਤਾਂ ਇਹ ਮੰਨਿਆ ਜਾਂਦਾ ਹੈ ਕਿ ਵਿਅਕਤੀਗਤ ਪੱਧਰ 'ਤੇ ਆਮਦਨੀ ਦੀ ਵੰਡ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ. |
| 7. ਵਿਅਸ਼ਟੀ ਅਰਥਸ਼ਾਸਤਰ ਸਮਸ਼ਟੀ-ਅਰਥਸ਼ਾਸਤਰ 'ਤੇ ਨਿਰਭਰ | 7. ਸਮਸ਼ਟੀ ਅਰਥਸ਼ਾਸਤਰ ਵਿਅਸ਼ਟੀ ਅਰਥਸ਼ਾਸਤਰ 'ਤੇ ਨਿਰਭਰ |

| | |
|---|---|
| ਕਰਦਾ ਹੈ. | ਕਰਦਾ ਹੈ. |
| 8. ਵਿਅਸ਼ਟੀ ਅਰਥ ਸ਼ਾਸਤਰ ਵਿੱਚ ਵਿਸ਼ਲੇਸ਼ਣ ਕਰਦਿਆਂ ਅਸੀਂ ਹਮੇਸ਼ਾਂ ਗਿਣਤੀਆਂ ਦੀ ਧਾਰਨਾ ਦੀ ਵਰਤੋਂ ਕਰਦੇ ਹਾਂ ਕਿਉਂਕਿ ਉਨ੍ਹਾਂ ਦੀ ਘੱਟ ਗਿਣਤੀ ਦੇ ਕਾਰਨ ਚੀਜ਼ਾਂ ਦਾ ਗਿਣਨਾ ਜਾਂ ਗਿਣਨਾ ਆਸਾਨ ਹੈ. | 8. ਸਮਸ਼ਟੀ-ਅਰਥਸ਼ਾਸਤਰ ਵਿੱਚ ਵਿਸ਼ਲੇਸ਼ਣ ਕਰਦੇ ਸਮੇਂ ਅਸੀਂ ਹਮੇਸ਼ਾਂ ਅਨੁਮਾਨ ਦੀ ਧਾਰਣਾ ਦੀ ਵਰਤੋਂ ਕਰਦੇ ਹਾਂ ਕਿਉਂਕਿ ਅਸੀਂ ਸਮਸ਼ਟੀ-ਅਰਥਸ਼ਾਸਤਰ ਦੀਆਂ ਚੀਜ਼ਾਂ ਦੀ ਉਨ੍ਹਾਂ ਦੀ ਵੱਡੀ ਸੰਖਿਆ ਕਰਕੇ ਹੀ ਅੰਦਾਜ਼ਾ ਲਗਾ ਸਕਦੇ ਹਾਂ. |
| 9. ਵਿਅਸ਼ਟੀ ਅਰਥ ਸ਼ਾਸਤਰ ਤੋਂ ਪ੍ਰਾਪਤ ਨਤੀਜੇ ਬਿਲਕੁਲ ਸਹੀ ਹਨ. | 9. ਸਮਸ਼ਟੀ-ਅਰਥਸ਼ਾਸਤਰ ਤੋਂ ਪ੍ਰਾਪਤ ਨਤੀਜੇ ਸਿਰਫ ਔਸਤ ਦੇ ਅਧਾਰ ਤੇ ਸਹੀ ਹਨ. |
| 10. ਵਿਅਸ਼ਟੀ ਅਰਥਸ਼ਾਸਤਰ ਦਾ ਉਦੇਸ਼ ਸਰੋਤਾਂ ਦੀ ਸਹੀ ਵੰਡ ਹੈ. | 10. ਸਮਸ਼ਟੀ ਅਰਥਸ਼ਾਸਤਰ ਦਾ ਉਦੇਸ਼ ਸਰੋਤਾਂ ਦੇ ਸਹੀ ਵੰਡ ਨਾਲ ਪੂਰਾ ਰੁਜ਼ਗਾਰ ਪ੍ਰਾਪਤ ਕਰਨਾ ਹੈ. |
| 11. ਵਿਅਸ਼ਟੀ ਅਰਥਸ਼ਾਸਤਰ ਅੰਸ਼ਕ ਸੰਤੁਲਨ ਦੀ ਧਾਰਣਾ ਦਾ ਅਧਿਐਨ ਕਰਦਾ ਹੈ. | 11. ਸਮਸ਼ਟੀ ਅਰਥਸ਼ਾਸਤਰ ਆਮ ਸੰਤੁਲਨ ਦੀ ਧਾਰਣਾ ਦਾ ਅਧਿਐਨ ਕਰਦਾ ਹੈ. |

**ਪ੍ਰਸ਼ਨ: ਇਕ ਅਰਥਵਿਵਸਥਾ ਦੀਆਂ ਵੱਖ ਵੱਖ ਕੇਂਦਰੀ ਸਮੱਸਿਆਵਾਂ ਕੀ ਹਨ? ਵਿਸਥਾਰ ਵਿੱਚ ਦੱਸੋ.**

**ਉੱਤਰ**: ਸਾਧਨਾਂ ਦੇ ਸੀਮਿਤ ਹੋਣ, ਜ਼ਰੂਰਤਾਂ ਦੇ ਅਸੀਮਿਤ ਹੋਣ ਅਤੇ ਸਾਧਨਾਂ ਦੀ ਵਿਕਲਪਕ ਵਰਤੋਂ ਹੋਣ ਕਰਕੇ ਹਰੇਕ ਅਰਥਵਿਵਸਥਾ ਨੂੰ ਮੁੱਖ ਤੌਰ ਤੇ ਤਿੰਨ ਕੇਂਦਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਹਨ:

1. ਕੀ ਪੈਦਾ ਕਰਨਾ ਹੈ ਅਤੇ ਕਿੰਨੀ ਮਾਤਰਾ ਵਿਚ?
2. ਕਿਵੇਂ ਪੈਦਾ ਕਰੀਏ?
3. ਕਿਸ ਲਈ ਪੈਦਾ ਕਰਨ ਲਈ?

ਇਹਨਾਂ ਤਿੰਨਾਂ ਸਮੱਸਿਆਵਾਂ ਦਾ ਵਰਣਨ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ:

**1. ਕੀ ਪੈਦਾ ਕਰਨਾ ਹੈ ਅਤੇ ਕਿਹੜੀ ਮਾਤਰਾ ਵਿਚ?**: ਪਹਿਲੀ ਸਮੱਸਿਆ ਜਿਸ ਦਾ ਅਰਥਵਿਵਸਥਾ ਨੂੰ ਸਾਹਮਣਾ ਕਰਨਾ ਪੈਂਦਾ ਹੈ ਇਹ ਫੈਸਲਾ ਕਰਨਾ ਹੈ ਕਿ ਕਿਹੜੀਆਂ ਚੀਜ਼ਾਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਣਾ ਹੈ। ਇਸਦੇ ਇਲਾਵਾ, ਅਰਥਵਿਵਸਥਾ ਨੂੰ ਇਹ ਵੀ ਨਿਰਣਾ ਕਰਨ ਦੀ ਲੋੜ ਹੈ ਕਿ ਇਨ੍ਹਾਂ ਚੀਜ਼ਾਂ ਅਤੇ ਸੇਵਾਵਾਂ ਨੂੰ ਕਿੰਨੀ ਮਾਤਰਾ ਵਿੱਚ ਤਿਆਰ ਕੀਤਾ ਜਾਣਾ ਚਾਹੀਦਾ ਹੈ. ਆਓ ਹੇਠਾਂ ਦਿੱਤੀ ਉਦਾਹਰਣ ਦੀ ਸਹਾਇਤਾ ਨਾਲ ਇਸ ਸਮੱਸਿਆ ਨੂੰ ਸਮਝੀਏ.

ਮੰਨ ਲਓ ਕਿ ਇੱਕ ਅਰਥਵਿਵਸਥਾ ਸਿਰਫ ਦੋ ਕਿਸਮਾਂ ਦੀਆਂ ਚੀਜ਼ਾਂ ਪੈਦਾ ਕਰ ਸਕਦੀ ਹੈ ਜਿਵੇਂ ਕਿ ਉਪਭੋਗਤਾ ਵਸਤੂਆਂ (ਜਿਵੇਂ ਕਿ ਚਾਵਲ, ਕਣਕ, ਲੈਪਟਾਪ, ਆਦਿ) ਅਤੇ ਪੂੰਜੀਗਤ ਵਸਤੂਆਂ (ਜਿਵੇਂ ਕਿ ਮਸ਼ੀਨਰੀ, ਬੰਦੂਕਾਂ, ਬਰਿੱਜ, ਆਦਿ)। ਹੁਣ, ਉਪਲਬਧ ਸਾਧਨਾਂ ਦੀ ਮਾਤਰਾ ਦੇ ਨਾਲ, ਅਰਥਵਿਵਸਥਾ ਨੂੰ ਇਹ ਤੈਅ ਕਰਨ ਦੀ ਜ਼ਰੂਰਤ ਹੈ ਕਿ ਉਪਭੋਗਤਾ ਵਸਤੂਆਂ ਦਾ ਕਿੰਨਾ ਉਤਪਾਦਨ ਹੋਣਾ ਚਾਹੀਦਾ ਹੈ ਅਤੇ ਕਿੰਨਾ ਅਤੇ ਕਿਹੜਾ ਪੂੰਜੀਗਤ ਸਾਮਾਨ ਪੈਦਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਅਰਥਵਿਵਸਥਾ ਨੂੰ ਇੱਕ ਵਿਕਲਪ ਦਾ ਸਾਹਮਣਾ ਕਰਨਾ ਪੈਂਦਾ ਹੈ ਭਾਵੇਂ ਉਹ ਵਧੇਰੇ ਪੂੰਜੀਗਤ ਚੀਜ਼ਾਂ ਅਤੇ ਘੱਟ ਉਪਭੋਗਤਾ ਵਸਤੂਆਂ ਦਾ ਉਤਪਾਦਨ ਕਰੇ ਜਾਂ ਘੱਟ ਪੂੰਜੀਗਤ ਵਸਤੂਆਂ ਅਤੇ ਵੱਧ ਉਪਭੋਗਤਾ ਵਸਤੂਆਂ ਦਾ?

**2. ਕਿਵੇਂ ਪੈਦਾ ਕਰੀਏ?**: ਅਗਲੀ ਸਮੱਸਿਆ ਜਿਸ ਦਾ ਅਰਥਵਿਵਸਥਾ ਸਾਹਮਣਾ ਕਰਦੀ ਹੈ ਉਹ ਹੈ ਇਹ ਫੈਸਲਾ ਕਰਨਾ ਕਿ ਨਿਰਧਾਰਤ ਚੀਜ਼ਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਕਿਹੜੀ ਉਤਪਾਦਨ ਤਕਨੀਕ ਨੂੰ ਲਗਾਇਆ ਜਾਣਾ ਹੈ. ਹੇਠਾਂ ਉਤਪਾਦਨ ਦੀਆਂ ਦੋ ਤਕਨੀਕਾਂ ਹਨ.

(ੳ) ਕਿਰਤ ਪ੍ਰਧਾਨ ਤਕਨੀਕ: ਇਹ ਉਤਪਾਦਨ ਤਕਨੀਕ ਪੂੰਜੀ ਜਾਂ ਮਸ਼ੀਨ ਨਾਲੋਂ ਤੁਲਣਾਤਮਕ ਤੌਰ ਤੇ ਮਜ਼ਦੂਰਾਂ ਦੀ ਵੱਧ ਵਰਤੋਂ ਕਰਦੀ ਹੈ। ਉਦਾਹਰਣ ਵਜੋਂ, ਭਾਰਤ ਵਿੱਚ ਖੇਤੀਬਾੜੀ ਗਤੀਵਿਧੀਆਂ ਮਜ਼ਦੂਰਾਂ ਦੀ ਵਰਤੋਂ ਵੱਧ ਅਤੇ ਮਸ਼ੀਨਾਂ ਦੀ ਵਰਤੋਂ ਘੱਟ ਕਰਦੀਆਂ ਹਨ। ਇਸ ਲਈ ਉਹ ਕਿਰਤ ਪ੍ਰਧਾਨ ਤਕਨੀਕ ਦੀ ਵਰਤੋਂ ਕਰ ਰਹੀਆਂ ਹੁੰਦੀਆਂ ਹਨ।

(ਅ) ਪੂੰਜੀ ਪ੍ਰਧਾਨ ਤਕਨੀਕ: ਇਹ ਉਤਪਾਦਨ ਤਕਨੀਕ ਮਜ਼ਦੂਰ ਇਕਾਈਆਂ ਨਾਲੋਂ ਤੁਲਨਾਤਮਕ ਤੌਰ ਤੇ ਪੂੰਜੀ ਜਾਂ ਮਸ਼ੀਨ ਦੀ ਵੱਧ ਵਰਤੋਂ ਕਰਦੀ ਹੈ। ਉਦਾਹਰਣ ਵਜੋਂ, ਟਿਕਾਊ ਵਸਤੂਆਂ ਦੇ ਉਤਪਾਦਨ ਜਿਵੇਂ ਕਿ ਟੀ ਵੀ, ਫਰਿੱਜ, ਵਾਹਨ, ਆਦਿ ਨੂੰ ਪੂੰਜੀ ਪ੍ਰਧਾਨ ਉਤਪਾਦਨ ਤਕਨੀਕ ਦੀ ਜ਼ਰੂਰਤ ਹੁੰਦੀ ਹੈ।

ਅਰਥਵਿਵਸਥਾ ਨੂੰ ਇਹ ਨਿਸ਼ਚਤ ਕਰਨ ਦੀ ਜ਼ਰੂਰਤ ਹੈ ਕਿ ਆਪਣੇ ਉਪਲਬਧ ਸਰੋਤਾਂ ਨੂੰ ਵਧੀਆ ਢੰਗ ਨਾਲ ਕੁਸ਼ਲ ਅਤੇ ਅਨੁਕੂਲ ਢੰਗ ਨਾਲ ਵਰਤਣ ਲਈ ਕਿਹੜੀ ਵਿਸ਼ੇਸ਼ ਉਤਪਾਦਨ ਤਕਨੀਕ ਨੂੰ ਅਪਣਾਉਣਾ ਚਾਹੀਦਾ ਹੈ. ਮਿਸਾਲ ਵਜੋਂ, ਭਾਰਤ ਇੱਕ ਮਜ਼ਦੂਰ ਭਰਪੂਰ ਦੇਸ਼ ਹੈ। ਇਸ ਤਰ੍ਹਾਂ, ਭਾਰਤ ਲਈ ਕਿਰਤ ਸ਼ਕਤੀ ਦੀਆਂ ਤਕਨੀਕਾਂ ਦੀ ਚੋਣ ਕਰਨਾ ਵਧੇਰੇ ਲਾਭਕਾਰੀ ਹੋਵੇਗਾ, ਕਿਉਂਕਿ ਇਹ ਨਾ ਸਿਰਫ ਉਤਪਾਦਨ ਦੀ ਲਾਗਤ ਨੂੰ ਘਟਾਏਗਾ (ਮਜ਼ਦੂਰਾਂ ਦੀ ਸਸਤੀ ਉਪਲਬਧਤਾ ਦੇ ਕਾਰਨ) ਬਲਕਿ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਵੀ ਸਹਾਇਤਾ ਕਰੇਗਾ.

**3. ਕਿਸ ਲਈ ਪੈਦਾ ਕੀਤਾ ਜਾਵੇ? ਜਾਂ ਰਾਸ਼ਟਰੀ ਉਤਪਾਦ ਦੀ ਵੰਡ ਦੀ ਸਮੱਸਿਆ ਹੈ?**: ਇਹ ਆਰਥਿਕ ਸਮੱਸਿਆ ਅਸਲ ਵਿੱਚ ਉਤਪਾਦਿਤ ਅੰਤਿਮ ਚੀਜ਼ਾਂ ਅਤੇ ਸੇਵਾਵਾਂ ਦੇ ਵੰਡ ਦੇ ਨਾਲ ਸਬੰਧਤ ਹੈ। ਅੰਤਿਮ ਚੀਜ਼ਾਂ ਅਤੇ ਸੇਵਾਵਾਂ ਦੀ ਵੰਡ ਭੂਮੀ, ਕਿਰਤ, ਪੂੰਜੀ ਅਤੇ ਉੱਦਮੀ ਵਰਗੇ ਉਤਪਾਦਨ ਦੇ ਕਾਰਕਾਂ ਵਿਚ ਰਾਸ਼ਟਰੀ ਆਮਦਨ (ਜਾਂ ਰਾਸ਼ਟਰੀ ਉਤਪਾਦ) ਦੀ ਵੰਡ ਦੇ ਬਰਾਬਰ ਹੁੰਦੀ ਹੈ. ਅਰਥਵਿਵਸਥਾ ਨੂੰ ਆਬਾਦੀ ਦੇ ਵੱਖ ਵੱਖ ਹਿੱਸਿਆਂ ਵਿੱਚ ਅੰਤਿਮ ਚੀਜ਼ਾਂ ਅਤੇ ਸੇਵਾਵਾਂ ਦੀ ਵੰਡ ਕਰਨ ਦੇ ਇੱਕ ਵਿਧੀ ਨੂੰ ਨਿਰਧਾਰਤ ਕਰਨ ਦੀ ਜ਼ਰੂਰਤ ਹੈ, ਤਾਂ ਜੋ ਆਮਦਨੀ ਦੀ ਅਸਮਾਨਤਾ ਨੂੰ ਘਟਾਇਆ ਜਾ

ਸਕੇ। ਇਹ ਸਮੱਸਿਆ ਇਸ ਬਾਰੇ ਚਿੰਤਤ ਹੈ ਕਿ ਕੌਣ ਵਧੇਰੇ ਪ੍ਰਾਪਤ ਕਰਦਾ ਹੈ ਜਾਂ ਕੌਣ ਘੱਟ ਪ੍ਰਾਪਤ ਕਰਦਾ ਹੈ? ਕਿਹੜੀਆਂ ਚੀਜ਼ਾਂ ਮੁਫਤ ਜਾਂ ਘੱਟ (ਨਾਮਾਤਰ) ਕੀਮਤ ਤੇ ਅਤੇ ਕਿਸ ਹਿੱਸੇ ਲਈ ਉਪਲਬਧ ਹੋਣੀਆਂ ਚਾਹੀਦੀਆਂ ਹਨ? ਆਦਿ।

**ਪ੍ਰਸ਼ਨ: ਉਤਪਾਦਨ ਸੰਭਾਵਨਾ ਵਕਰ ਦਾ ਕੀ ਅਰਥ ਹੈ? ਇਸ ਦੀਆਂ ਮਾਨਤਾਵਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਦੱਸੋ।**

**ਉੱਤਰ**: ਉਹ ਵਕਰ ਜੋ ਦੋ ਵਸਤੂਆਂ ਅਤੇ ਸੇਵਾਵਾਂ ਦੇ ਅਜਿਹੇ ਸੰਜੋਗਾਂ ਨੂੰ ਦਰਸਾਉਂਦਾ ਹੈ ਜਿਹਨਾਂ ਨੂੰ ਦਿੱਤੇ ਗਏ ਸਾਧਨਾਂ ਅਤੇ ਤਕਨੀਕ ਦੇ ਪੱਧਰ ਨਾਲ ਪੈਦਾ ਕੀਤਾ ਜਾ ਸਕਦਾ ਹੈ, ਨੂੰ ਉਤਪਾਦਨ ਸੰਭਾਵਨਾ ਵੱਕਰ ਕਿਹਾ ਜਾਂਦਾ ਹੈ। ਇਸਨੂੰ ਉਤਪਾਦਨ ਸੰਭਾਵਨਾ ਸੀਮਾਂ ਜਾਂ ਰੂਪਾਂਤਰਣ ਵੱਕਰ ਵੀ ਕਿਹਾ ਜਾਂਦਾ ਹੈ।


**ਉਤਪਾਦਨ ਸੰਭਾਵਨਾ ਵੱਕਰ ਦੀਆਂ ਮਾਨਤਾਵਾਂ**: ਇਕ ਅਰਥਵਿਵਸਥਾ ਵਿੱਚ ਉਤਪਾਦਨ ਸੰਭਾਵਨਾ ਵੱਕਰ ਦਾ ਨਿਰਮਾਣ ਹੇਠ ਲਿਖੀਆਂ ਮਾਨਤਾਵਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ:

1. ਅਰਥਵਿਵਸਥਾ ਸਿਰਫ ਦੋ ਵਸਤੂਆਂ ਪੈਦਾ ਕਰ ਸਕਦੀ ਹੈ।
2. ਉਤਪਾਦਕ ਸਰੋਤਾਂ ਦੀ ਮਾਤਰਾ ਅਤੇ ਗੁਣ ਇਕੋ ਜਿਹੇ ਰਹਿੰਦੇ ਹਨ।
3. ਤਕਨਾਲੋਜੀ ਦਾ ਪੱਧਰ ਇਕੋ ਜਿਹਾ ਰਹਿੰਦਾ ਹੈ।
4. ਅਰਥਵਿਵਸਥਾ ਆਪਣੇ ਸਾਰੇ ਸਰੋਤਾਂ ਨੂੰ ਪੂਰੀ ਤਰ੍ਹਾਂ ਨਾਲ ਰੁਜ਼ਗਾਰ ਦੇ ਰਹੀ ਹੈ।
5. ਸਰੋਤਾਂ ਦੀ ਵਰਤੋਂ ਕਿਸੇ ਵੀ ਦੋ ਵਸਤੂਆਂ ਦੇ ਉਤਪਾਦਨ ਲਈ ਕੀਤੀ ਜਾ ਸਕਦੀ ਹੈ।

**ਉਤਪਾਦਨ ਸੰਭਾਵਨਾ ਜੋੜੇ**

ਇਹ ਦੋ ਵਸਤੂਆਂ ਅਤੇ ਸੇਵਾਵਾਂ ਦੇ ਸਾਰੇ ਸੰਭਾਵਿਤ ਸੰਜੋਗਾਂ ਦੇ ਸਮੂਹ ਬਾਰੇ ਜਾਣਕਾਰੀ ਦਿੰਦੇ ਹਨ, ਜਿਹਨਾਂ ਨੂੰ ਦਿੱਤੇ ਗਏ ਸਾਧਨਾਂ ਅਤੇ ਤਕਨੀਕ ਦੇ ਪੱਧਰ ਨਾਲ ਪੈਦਾ ਕੀਤਾ ਜਾ ਸਕਦਾ ਹੈ। ਤਾਲਿਕਾ ਅਤੇ ਚਿੱਤਰ ਵਿੱਚ, ਰੰਗਤ ਖੇਤਰ ਉਤਪਾਦਨ ਸੰਭਾਵਨਾ ਜੋੜਿਆਂ ਨੂੰ ਦਰਸਾਉਂਦਾ ਹੈ।

| ਉਤਪਾਦਨ ਸੰਭਾਵਨਾ ਜੋੜੇ | ਵਸਤੂ-A | ਵਸਤ-B |
|---|---|---|
| A | 100 | 0 |
| B | 90 | 1 |
| C | 70 | 2 |
| D | 40 | 3 |
| E | 0 | 4 |




ਆਓ ਅਸੀਂ ਇਨ੍ਹਾਂ ਸੰਭਾਵਨਾਵਾਂ ਨੂੰ ਗ੍ਰਾਫ਼ 'ਤੇ X-ਧੁਰੇ' ਤੇ X ਵਸਤੂ ਅਤੇ Y-ਧੁਰੇ 'ਤੇ X ਵਸਤੂ ਦੀ ਯੋਜਨਾ ਬਣਾਉਂਦੇ ਹਾਂ। ਇਨ੍ਹਾਂ ਸਾਰੇ ਬਿੰਦੂਆਂ ਨਾਲ ਜੁੜ ਕੇ ਸਾਨੂੰ ਉਤਪਾਦਨ ਦੀ ਸੰਭਾਵਨਾ ਕਰਵ, AE ਪ੍ਰਾਪਤ ਹੁੰਦੀ ਹੈ। ਜਦੋਂ ਕਿ, ਬਿੰਦੂ A ਦਰਸਾਉਂਦਾ ਹੈ ਕਿ ਜੇਕਰ ਸਾਰੇ ਸਾਧਨ A-ਵਸਤੂ ਦਾ ਨਿਰਮਾਣ ਕਰਨ ਤੇ ਲਗਾ ਦਿੱਤੇ ਜਾਣ, ਤਾਂ ਵਸਤੂ A ਦੀਆਂ 100 ਇਕਾਈਆਂ ਦਾ ਉਤਪਾਦਨ ਕੀਤਾ ਜਾ ਸਕਦਾ ਹੈ ਅਤੇ ਇਸ ਸਮੇਂ ਵਸਤੂ-B ਦਾ ਉਤਪਾਦਨ ਸਿਫਰ ਹੋਵੇਗਾ। ਇਸ ਤਰ੍ਹਾਂ ਹੀ ਬਿੰਦੂ E, ਦਰਸਾਉਂਦਾ ਹੈ ਕਿ ਜੇਕਰ ਸਾਰੇ ਸਾਧਨ B-ਵਸਤੂ ਦਾ ਨਿਰਮਾਣ ਕਰਨ ਤੇ ਲਗਾ ਦਿੱਤੇ ਜਾਣ, ਤਾਂ ਵਸਤੂ B ਦੀਆਂ 4 ਇਕਾਈਆਂ ਦਾ ਉਤਪਾਦਨ ਕੀਤਾ ਜਾ ਸਕਦਾ ਹੈ ਅਤੇ ਇਸ ਸਮੇਂ ਵਸਤੂ-A ਦਾ ਉਤਪਾਦਨ ਸਿਫਰ ਹੋਵੇਗਾ।ਇਸ ਤਰ੍ਹਾਂ, ਅਰਥਵਿਵਸਥਾ ਨੂੰ ਇਹ ਚੁਣਨ ਦੀ ਜ਼ਰੂਰਤ ਹੈ ਕਿ ਉਪਲਬਧ ਸੰਸਾਧਨਾਂ ਦੀ ਕਿੰਨੀ ਮਾਤਰਾ ਦੀ ਵਰਤੋਂ ਵਸਤੂ-A ਅਤੇ ਕਿੰਨੀਂ ਮਾਤਰਾ ਵਸਤੂ-B ਦਾ ਉਤਪਾਦਨ ਕਰਨ ਲਈ ਵਰਤੀ ਜਾਵੇ ਜਦੋਂ ਤਕਨੀਕ ਦਾ ਪੱਧਰ ਪਹਿਲਾਂ ਹੀ ਦਿੱਤਾ ਗਿਆ ਹੋਵੇ।

ਜਿਵੇਂ ਕਿ ਅਸੀਂ ਉਤਪਾਦਨ ਸੰਭਾਵਨਾ ਵੱਕਰ ਦੇ ਨਾਲ ਖੱਬੇ ਤੋਂ ਸੱਜੇ (ਭਾਵ A ਤੋਂ E ਤੱਕ) ਹੇਠਾਂ ਵੱਲ ਜਾਂਦੇ ਹਾਂ, ਅਸੀਂ ਵੇਖਦੇ ਹਾਂ ਕਿ ਵਸਤੂ-B ਦੀਆਂ ਵਧੇਰੇ ਇਕਾਈਆਂ ਪੈਦਾ ਕਰਨ ਲਈ, ਅਰਥਵਿਵਸਥਾ ਨੂੰ ਵਸਤੂ-A ਦੀਆਂ ਕੁੱਝ ਇਕਾਈਆਂ ਦਾ ਤਿਆਗ ਕਰਨਾ ਹੋਵੇਗਾ। ਉਦਾਹਰਣ ਦੇ ਲਈ, ਬਿੰਦੂ B ਤੋਂ ਬਿੰਦੂ C ਤੱਕ ਦੀ ਗਤੀ ਇਹ ਦਰਸਾਉਂਦੀ ਹੈ ਕਿ ਅਰਥਵਿਵਸਥਾ ਸਾਧਨਾਂ ਨੂੰ ਵਸਤੂ-A ਦੇ ਉਤਪਾਦਨ ਤੋਂ ਵਸਤੂ-**B** ਦੇ ਉਤਪਾਦਨ ਵੱਲ ਮੋੜ ਰਹੀ ਹੈ।

**ਉਤਪਾਦਨ ਸੰਭਾਵਨਾ ਵੱਕਰ ਦੀਆਂ ਵਿਸ਼ੇਸ਼ਤਾਵਾਂ**: ਉਤਪਾਦਨ ਸੰਭਾਵਨਾ ਵੱਕਰ ਦੀਆਂ ਅਸਲ ਵਿੱਚ ਦੋ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਹੇਠਾਂ ਦਿੱਤੀਆਂ ਗਈਆਂ ਹਨ:

1. **ਇਸ ਦੀ ਢਲਾਣ ਰਿਣਾਤਮਕ ਹੁੰਦੀ ਹੈ**: ਇਸਦੇ ਪਿੱਛੇ ਦਾ ਮੁੱਖ ਕਾਰਨ ਇਹ ਹੈ ਕਿ ਜਦੋਂ ਅਸੀਂ ਇੱਕ ਵਸਤੂ ਦੀ ਮਾਤਰਾ ਵਧਾਉਂਦੇ ਹਾਂ, ਤਦ ਸਾਨੂੰ ਦੂਜੀ ਵਸਤੂ ਦੀਆਂ ਕੁਝ ਇਕਾਈਆਂ ਦਾ ਤਿਆਗ ਕਰਨਾਪੈਂਦਾ ਹੈ। ਇਸ ਲਈ, ਦੋ ਵਸਤੂਆਂ ਦੇ ਵਿਚਕਾਰ ਨਕਾਰਾਤਮਕ ਸੰਬੰਧ ਹੈ। ਇਸ ਲਈ, ਇਸ ਦੀ ਰਿਣਾਤਮਕ ਢਲਾਣ ਦੋ ਵਸਤੂਆਂ ਦੇ ਵਿਚਕਾਰ ਨਕਾਰਾਤਮਕ ਸੰਬੰਧ ਨੂੰ ਦਰਸਾਉਂਦੀ ਹੈ।

2. **ਇਸ ਦੀ ਢਲਾਣ ਮੂਲ ਬਿੰਦੂ ਤੋਂ ਨਤੋਦਰ ਹੁੰਦੀ ਹੈ**: ਉਤਪਾਦਨ ਸੰਭਾਵਨਾ ਵੱਕਰ ਦੀ ਢਲਾਨ ਤੋਂ ਇਹ ਸਪੱਸ਼ਟ ਹੈ ਕਿ ਇਹ ਮੂਲ ਬਿੰਦੂ ਤੋਂ ਨਤੋਦਰ ਹੁੰਦੀ ਹੈ। ਇਸਦਾ ਅਰਥ ਇਹ ਹੈ ਕਿ ਇੱਕ ਵਸਤੂ ਦੀ ਮਾਤਰਾ ਨੂੰ ਵਧਾਉਣ ਲਈ, ਜਦੋਂ ਅਸੀਂ ਦੂਜੀ ਵਸਤੂ ਦੀ ਮਾਤਰਾ ਘਟਾਉਂਦੇ ਹਾਂ, ਤਦ ਸਾਨੂੰ ਪਹਿਲਾਂ ਨਾਲੋਂ ਇੱਕ ਵਸਤੂ ਦੀਆਂ ਵਧੇਰੇ ਇਕਾਈਆਂ ਦਾ ਤਿਆਗ ਕਰਨਾ ਪੈਂਦਾ ਹੈ। ਇਹ ਵਧ ਰਹੀ ਸੀਮਾਂਤ ਅਵਸਰ ਲਾਗਤ ਦੇ ਕਾਰਨ ਹੈ।

**ਪ੍ਰਸ਼ਨ. ਅਵਸਰ ਲਾਗਤ ਤੋਂ ਤੁਹਾਡਾ ਕੀ ਭਾਵ ਹੈ?**

**ਉੱਤਰ**: ਬਹੁਤ ਘੱਟ ਸਾਧਨਾਂ ਅਤੇ ਅਸੀਮਿਤ ਇੱਛਾਵਾਂ ਦੇ ਕਾਰਨ, ਅਰਥਵਿਵਸਥਾ ਦੇ ਸਾਹਮਣੇ ਇਹ ਚੋਣ ਦੀ ਸਮੱਸਿਆ ਪੈਦਾ ਹੁੰਦੀ ਹੈ ਕਿ ਇਹਨਾਂ ਸਾਧਨਾਂ ਨਾਲ ਕਿਹੜੀਆਂ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਵੇ ਅਤੇ ਕਿਹਨਾਂ ਵਸਤੂਆਂ ਅਤੇ ਸੇਵਾਵਾਂ ਦਾ ਤਿਆਗ ਕੀਤਾ ਜਾਵੇ। ਜੇਕਰ ਇੱਕ ਅਰਥਵਿਵਸਥਾ ਇਹ ਫੈਸਲਾ ਲੈਂਦੀ ਹੈ ਕਿ ਉਸ ਦੁਆਰਾ ਵਧੇਰੇ ਸਾਧਨਾਂ ਦੀ ਵਰਤੋਂ ਉਪਭੋਗਤਾ ਵਸਤੂਆਂ ਦਾ ਨਿਰਮਾਣ ਕਰਨ ਲਈ ਕੀਤੀ ਜਾਵੇਗੀ, ਤਾਂ ਇਸ ਦਾ ਅਰਥ ਹੈ ਕਿ ਪੂੰਜੀਗਤ ਵਸਤੂਆਂ ਦਾ ਨਿਰਮਾਣ ਕਰਨ ਲਈ ਸਾਧਨਾਂ ਦੀ ਵਰਤੋਂ ਘੱਟ ਕੀਤੀ ਜਾਵੇਗੀ ਅਤੇ ਜਿਸ ਨਾਲ ਇਹਨਾਂ ਪੂੰਜੀਗਤ ਵਸਤੂਆਂ ਦਾ ਉਤਪਾਦਨ ਘੱਟ ਹੋਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਇੱਕ ਵਸਤੂ ਦਾ ਵੱਧ ਮਾਤਰਾ ਵਿੱਚ ਉਤਪਾਦਨ ਕਰਨ ਲਈ ਦੂਜੀ ਵਸਤੂ ਦੀਆਂ ਕੁੱਝ ਇਕਾਈਆਂ ਦਾ ਤਿਆਗ ਕੀਤਾ ਜਾਵੇ ਅਤੇ ਇਹਨਾਂ ਤਿਆਗ ਕੀਤੀ ਗਈਆਂ ਇਕਾਈਆਂ ਨੂੰ ਹੀ ਪ੍ਰਾਪਤ ਕੀਤੀਆਂ ਗਈਆਂ ਇਕਾਈਆਂ ਦੀ ਅਵਸਰ ਲਾਗਤ ਕਿਹਾ ਜਾਵੇਗਾ।

**ਪ੍ਰਸ਼ਨ. ਸੀਮਾਂਤ ਅਵਸਰ ਲਾਗਤ ਤੋਂ ਤੁਹਾਡਾ ਕੀ ਭਾਵ ਹੈ?**

**ਉੱਤਰ**: ਕਈ ਵਾਰ ਅਸੀਂ ਅਵਸਰ ਲਾਗਤ ਅਤੇ ਸੀਮਾਂਤ ਅਵਸਰ ਲਾਗਤ ਨੂੰ ਇਕੋ ਧਾਰਨਾ ਮੰਨਦੇ ਹਾਂ। ਪਰ ਇਹਨਾਂ ਦੋ ਧਾਰਨਾਵਾਂ ਵਿੱਚ ਬਹੁਤ ਦਰਸਾਉਂਦੀ ਹੈ ਜਿਹੜੀਆਂ ਕਿਸੇ ਚੀਜ਼ ਦੀ ਇਕ ਵਾਧੂ ਇਕਾਈ ਪ੍ਰਾਪਤ ਕਰਕੇ ਕੁਰਬਾਨ ਕੀਤੀਆਂ ਜਾਂਦੀਆਂ ਹਨ। ਇਸ ਲਈ ਇਸ ਨੂੰ ਵਾਧੂ ਸੀਮਾਂਤ ਅਵਸਰ ਲਾਗਤ ਵੀ ਕਿਹਾ ਜਾਂਦਾ ਹੈ। ਉਤਪਾਦਨ ਸੰਭਾਵਨਾ ਵੱਕਰ ਦੀ ਢਲਾਣ ਹਮੇਸ਼ਾਂ ਸੀਮਾਂਤ ਅਵਸਰ ਲਾਗਤ ਦੇ ਬਰਾਬਰ ਹੁੰਦੀ ਹੈਅੰਤਰ ਹੈ। ਜਿੱਥੇ ਅਵਸਰ ਲਾਗਤ ਇਕ ਵਸਤੂ ਦੀਆਂ ਅਤਿਰਿਕਤ ਇਕਾਈਆਂ ਦਾ ਉਤਪਾਦਨ ਕਰਕੇ ਕੀਤੀ ਗਈ ਕੁਲ ਕੁਰਬਾਨੀ ਨੂੰ ਦਰਸਾਉਂਦੀ ਹੈ, ਦੂਜੇ ਪਾਸੇ, ਸੀਮਾਂਤ ਅਵਸਰ ਲਾਗਤ ਇਕ ਵਸਤੂ ਦੀਆਂ ਉਹਨਾਂ ਤਿਆਗ ਕੀਤੀਆਂ ਗਈਆਂ ਇਕਾਈਆਂ ਨੂੰ।

**ਪ੍ਰਸ਼ਨ: ਉਪਭੋਗਤਾ ਸੰਤੁਲਨ ਤੋਂ ਕੀ ਭਾਵ ਹੈ?**

**ਉੱਤਰ:** ਉਪਭੋਗਤਾ ਦਾ ਮੁੱਖ ਉਦੇਸ਼ ਆਪਣੀ ਸੀਮਿਤ ਆਮਦਨ ਨੂੰ ਵੱਖ ਅੰਤਿਮ ਵਸਤੂਆਂ ਅਤੇ ਸੇਵਾਵਾਂ ਤੇ ਇਸ ਤਰ੍ਹਾਂ ਖਰਚ ਕਰਨਾ ਹੁੰਦਾ ਹੈ ਤਾਂ ਕਿ ਉਹਨਾਂ ਦੀ ਵਰਤੋਂ ਤੋਂ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋ ਸਕੇ। ਜੇਕਰ ਇੱਕ ਉਪਭੋਗਤਾ ਆਪਣੀ ਸੀਮਤ ਆਮਦਨ ਨੂੰ ਵੱਖ ਵਸਤੂਆਂ ਅਤੇ ਸੇਵਾਵਾਂ ਤੇ ਉਨ੍ਹਾਂ ਦੀਆਂ ਦਿੱਤੀਆਂ ਗਈਆਂ ਬਜ਼ਾਰ ਕੀਮਤਾਂ ਦੇ ਆਧਾਰ ਤੇ ਇਸ ਤਰ੍ਹਾਂ ਖਰਚ ਕਰਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋ ਰਹੀ ਹੋਵੇ ਤਾਂ ਇਸ ਹਾਲਾਤ ਵਿਚ ਉਹ ਆਪਣੇ ਵਰਤਮਾਨ ਵਿਵਹਾਰ ਨੂੰ ਸਭ ਤੋਂ ਚੰਗਾ ਸਮਝਦਾ ਹੈ। ਉਹ ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਬਦਲਾਵ ਨਹੀਂ ਕਰਨਾ ਚਾਹੁੰਦਾ ਪਰ ਜੇਕਰ ਜੋ ਸਥਿਤੀਆਂ ਉਸ ਨੂੰ ਦਿੱਤੀਆਂ ਗਈਆਂ ਹਨ ਭਾਵ ਉਸ ਦੀ ਆਮਦਨ ਜਾਂ ਵਸਤੂ ਦੀ ਦਿੱਤੀ ਗਈ ਕੀਮਤ ਆਦਿ ਵਿਚ ਕੋਈ ਬਦਲਾਵ ਹੋ ਜਾਂਦਾ ਹੈ ਤਾਂ ਉਪਭੋਗਤਾ ਸੰਤੁਲਨ ਵਿੱਚ ਬਦਲਾਵ ਹੋ ਜਾਵੇਗਾ।

ਅਸੀਮਿਤ ਲੋੜਾਂ ਦੇ ਮੁਕਾਬਲੇ ਸਾਧਨਾਂ ਦੀ ਘਾਟ ਹੈ, ਇਸ ਲਈ ਇੱਕ ਉਪਭੋਗਤਾ ਅਧਿਕਤਮ ਸੰਤੁਸ਼ਟੀ ਪ੍ਰਾਪਤ ਕਰਨ ਲਈ ਕੁਝ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਪਭੋਗ ਸਬੰਧੀ ਫੈਸਲੇ ਲੈਂਦਾ ਹੈ। ਉਪਭੋਗਤਾ ਸੰਤੁਲਨ ਦਾ ਅਧਿਐਨ ਕਰਨ ਲਈ ਦੋ ਮੁੱਖ ਸਿਧਾਂਤ ਹਨ। ਉਹ ਹੇਠ ਲਿਖੇ ਅਨੁਸਾਰ ਹਨ:

**1. ਗਣਨਾਵਾਚਕ ਤੁਸ਼ਟੀਗੁਣ ਵਿਸ਼ਲੇਸ਼ਣ।**

**2. ਕ੍ਰਮਵਾਰ ਤੁਸ਼ਟੀਗੁਣ ਵਿਸ਼ਲੇਸ਼ਣ।**

**1. ਗਣਨਾਵਾਚਕ ਤੁਸ਼ਟੀਗੁਣ ਵਿਸ਼ਲੇਸ਼ਣ**

ਇਸ ਅਨੁਸਾਰ ਉਪਭੋਗਤਾ ਲਈ ਕਿਸੇ ਵਸਤੂ ਤੋਂ ਪ੍ਰਾਪਤ ਉਪਯੋਗਤਾ ਦੇ ਪੱਧਰ ਨੂੰ ਅੰਕਾਂ ਵਿੱਚ ਮਾਪਣਾ ਸੰਭਵ ਹੈ। ਤੁਸ਼ਟੀਗੁਣ ਦਾ ਇਹ ਮੁਲਾਂਕਣ ਵੱਖ ਢੰਗਾਂ ਨਾਲ ਕੀਤਾ ਜਾ ਸਕਦਾ ਹੈ ਜਿਵੇਂ ਕਿ, utils, ਮੁਦਰਾ ਅਤੇ ਅਵਸਰ ਲਾਗਤ ਦੇ ਰੂਪ ਵਿੱਚ।

**2. ਕ੍ਰਮਵਾਰ ਤੁਸ਼ਟੀਗੁਣ ਵਿਸ਼ਲੇਸ਼ਣ**

ਇਸ ਅਨੁਸਾਰ ਵਸਤੂ ਦੇ ਉਪਭੋਗ ਤੋਂ ਪ੍ਰਾਪਤ ਸੰਤੁਸ਼ਟੀ ਨੂੰ ਅੰਕਾਂ ਵਿੱਚ ਮਾਪਣ ਦੀ ਲੋੜ ਨਹੀਂ ਹੈ। ਇਕ ਉਪਭੋਗਤਾ ਆਪਣੀ ਪਸੰਦ ਮੁਤਾਬਕ ਨਿਰਧਾਰਤ ਰੈਂਕ ਜਾਂ ਕ੍ਰਮ ਦੇ ਅਧਾਰ ਤੇ ਵੀ ਆਪਣੇ ਉਪਭੋਗ ਸਬੰਧੀ ਫੈਸਲੇ ਕਰ ਸਕਦਾ ਹੈ।

**ਪ੍ਰਸ਼ਨ: ਉਪਯੋਗਤਾ ਤੋਂ ਕੀ ਭਾਵ ਹੈ?**

**ਉੱਤਰ:** ਜਦ ਵੀ ਅਸੀਂ ਕਿਸੇ ਵੀ ਵਸਤੂ ਜਾਂ ਸੇਵਾ ਦੀ ਵਰਤੋਂ ਕਰਦੇ ਹਾਂ ਤਾਂ ਉਹ ਸਾਡੇ ਦੁਆਰਾ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਸਾਨੂੰ ਉਸ ਵਸਤੂ ਜਾਂ ਸੇਵਾ ਦੀ ਲੋੜ ਹੁੰਦੀ ਹੈ ਅਤੇ ਜਦ ਅਸੀਂ ਉਸ ਵਸਤੂ ਜਾਂ ਸੇਵਾ ਦੀ ਵਰਤੋਂ ਕਰਦੇ ਹਾਂ ਤਾਂ ਸਾਡੀ ਉਹ ਲੋੜ ਪੂਰੀ ਹੋ ਜਾਂਦੀ ਹੈ ਅਤੇ ਲੋੜ ਦੇ ਪੂਰਾ ਹੋਣ ਤੇ ਸਾਨੂੰ ਸੰਤੁਸ਼ਟੀ ਮਿਲਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਜਿਸ ਵੀ ਵਸਤੂ ਜਾਂ ਸੇਵਾ ਦੀ ਸਾਡੇ ਦੁਆਰਾ ਵਰਤੋਂ ਕੀਤੀ ਜਾਂਦੀ ਹੈ ਉਸ ਵਿੱਚ ਅਜਿਹੀ ਕੋਈ ਨਾ ਕੋਈ ਸ਼ਕਤੀ ਹੁੰਦੀ ਹੈ ਜਿਸ ਨਾਲ ਸਾਡੀ ਜ਼ਰੂਰਤ ਪੂਰੀ ਹੋ ਜਾਂਦੀ ਹੈ ਅਤੇ ਸਾਨੂੰ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਲਈ ਹਰ ਇੱਕ ਵਸਤੂ ਜਾਂ ਸੇਵਾ ਦੀ ਉਹ ਸ਼ਕਤੀ ਜਿਸ ਨਾਲ ਸਾਡੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ ਉਸਨੂੰ ਉਪਯੋਗਤਾ ਜਾਂ ਤੁਸ਼ਟੀਗੁਣ ਕਿਹਾ ਜਾਂਦਾ ਹੈ।

ਉਦਾਹਰਣ ਦੇ ਤੌਰ ਤੇ ਜੇਕਰ ਤੁਹਾਨੂੰ ਪਿਆਸ ਲੱਗੀ ਹੋਈ ਹੈ ਅਤੇ ਤੁਸੀਂ ਪਾਣੀ ਦੇ ਦੀ ਵਰਤੋਂ ਆਪਣੀ ਪਿਆਸ ਨੂ ਬੁਝਾਉਣ ਲਈ ਕਰਦੇ ਹੋ ਅਤੇ ਤੁਹਾਡੀ ਪਿਆਸ ਸੰਤੁਸ਼ਟ ਹੋ ਜਾਂਦੀ ਹੈ ਤਾਂ ਇਸ ਦਾ ਅਰਥ ਇਹ ਹੋਇਆ ਕਿ ਪਾਣੀ ਵਿਚ ਕੋਈ ਨਾ ਕੋਈ ਸ਼ਕਤੀ ਜ਼ਰੂਰ ਮੌਜੂਦ ਹੈ ਜਿਸ ਨਾਲ ਸਾਡੀ ਪਿਆਸ ਸੰਤੁਸ਼ਟ ਹੋ ਗਈ ਹੈ ਇਸ ਲਈ ਪਾਣੀ ਦੀ ਇਸ ਸ਼ਕਤੀ ਨੂੰ ਉਪਯੋਗਤਾ ਕਿਹਾ ਜਾਵੇਗਾ।

**ਪ੍ਰਸ਼ਨ: 'Util' ਤੋਂ ਕੀ ਭਾਵ ਹੈ?**

**ਉੱਤਰ:** 'Util' ਦੀ ਧਾਰਨਾ ਦਾ ਸੰਬੰਧ ਗਣਨਾਵਾਚਕ ਤੁਸ਼ਟੀਗੁਣ ਦੇ ਨਾਲ ਹੈ ਕਿਉਂਕਿ ਗਣਨਾਵਾਚਕ ਤੁਸ਼ਟੀਗੁਣ ਇਸ ਮਾਨਤਾ ਤੇ ਆਧਾਰਿਤ ਹੈ ਕਿ ਤੁਸ਼ਟੀਗੁਣ ਨੂੰ ਅੰਕਾਂ ਵਿੱਚ ਮਾਪਿਆ ਜਾ ਸਕਦਾ ਹੈ। ਇਸ ਲਈ ਸਾਨੂੰ ਇੱਕ ਅਜਿਹੀ ਇਕਾਈ ਦੀ ਜ਼ਰੂਰਤ ਹੈ ਜਿਸ ਵਿੱਚ ਤੁਸ਼ਟੀਗੁਣ ਨੂੰ ਮਾਪਿਆ ਜਾ ਸਕੇ। ਇਹ ਇਕਾਈ ਨੂੰ 'Util' ਕਿਹਾ ਜਾਂਦਾ ਹੈ। 'Util' ਇੱਕ ਅਜਿਹੀ ਇਕਾਈ ਹੈ ਜਿਸ ਵਿਚ ਤੁਸ਼ਟੀਗੁਣ ਨੂੰ ਮਾਪਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਦ ਅਸੀਂ ਇਕ ਗਲਾਸ ਪਾਣੀ ਪੀਂਦੇ ਹਾਂ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਸਾਨੂੰ ਉਸ ਤੋਂ 10 util ਦੇ ਬਰਾਬਰ ਤੁਸ਼ਟੀਗੁਣ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ: ਕੁੱਲ ਉਪਯੋਗਤਾ ਅਤੇ ਸੀਮਾਂਤ ਉਪਯੋਗਤਾ ਦੇ ਸੰਬੰਧ ਦੀ ਵਿਖਾਇਆ ਕਰੋ।**

**ਉੱਤਰ: ਕੁੱਲ ਉਪਯੋਗਤਾ ਅਤੇ ਸੀਮਾਂਤ ਉਪਯੋਗਤਾ ਦਾ ਸੰਬੰਧ**

ਉਪਭੋਗਤਾ ਨੂੰ ਕਿਸੇ ਵਸਤੂ ਦੇ ਉਪਭੋਗ ਤੋਂ ਪ੍ਰਾਪਤ ਹੋਣ ਵਾਲੀ ਸੰਤੁਸ਼ਟੀ ਨੂੰ ਉਪਯੋਗਤਾ ਕਿਹਾ ਜਾਂਦਾ ਹੈ। ਗਣਨਾਵਾਚਕ ਤੁਸ਼ਟੀਗੁਣ ਵਿਸ਼ਲੇਸ਼ਣ ਦੀ ਇਹ ਇਕ ਮਾਨਤਾ ਹੈ ਕਿ ਇਕ ਤਰਕਸ਼ੀਲ ਉਪਭੋਗਤਾ ਆਪਣੀ ਸੰਤੁਸ਼ਟੀ ਨੂੰ 'utils' ਦੇ ਰੂਪ ਵਿਚ ਪ੍ਰਗਟ ਕਰ ਸਕਦਾ ਹੈ। ਉਪਯੋਗਤਾ ਦੀਆਂ ਦੋ ਮਹੱਤਵਪੂਰਨ ਧਾਰਨਾਵਾਂ ਹਨ ਕੁੱਲ ਉਪਯੋਗਤਾ ਅਤੇ ਸੀਮਾਂਤ ਉਪਯੋਗਤਾ। ਕੁੱਲ ਉਪਯੋਗਤਾ ਤੋਂ ਭਾਵ ਕਿਸੇ ਵਸਤੂ ਦੀਆਂ ਸਾਰੀਆਂ ਇਕਾਈਆਂ ਦੇ ਉਪਭੋਗ ਤੋਂ ਪ੍ਰਾਪਤ ਹੋਣ ਵਾਲੀ ਉਪਯੋਗਤਾ ਤੋਂ ਹੈ। ਕਿਸੇ ਵਸਤੂ ਦੀ ਇੱਕ ਵਾਧੂ ਇਕਾਈ ਦੇ ਉਪਭੋਗ ਕਾਰਨ ਕੁੱਲ ਉਪਯੋਗਤਾ ਵਿੱਚ ਜੋ ਪਰਿਵਰਤਨ ਆਉਂਦਾ ਹੈ ਉਸ ਨੂੰ ਸੀਮਾਂਤ ਉਪਯੋਗਤਾ ਕਿਹਾ ਜਾਂਦਾ ਹੈ। ਕੁੱਲ ਉਪਯੋਗਤਾ  ਸੀਮਾਂਤ ਉਪਯੋਗਤਾ ਦਾ ਜੋੜ ਹੈ। ਕੁੱਲ ਉਪਯੋਗਤਾ ਅਤੇ  ਸੀਮਾਂਤ ਦੀ ਉਪਯੋਗਤਾ ਦੇ ਵਿਚਕਾਰ ਸਬੰਧ ਨੂੰ  ਇੱਕ ਤਾਲਿਕਾ ਅਤੇ ਚਿੱਤਰ ਰਾਹੀਂ ਵਿਖਾਇਆ ਜਾ ਸਕਦਾ ਹੈ।

| **ਵਸਤੂ X ਦੀਆਂ ਇਕਾਈਆਂ** | **ਕੁੱਲ ਉਪਯੋਗਤਾ (TU) (utils)** | **ਸੀਮਾਂਤ ਉਪਯੋਗਤਾ (MU)**<br>**MUn = TUn – TUn – 1 (utils)** |
|---|---|---|
| **1** | **50** | **50 – 0 = 50** |
| **2** | **100** | **100 – 50 = 50** |
| **3** | **130** | **130 – 100 = 30** |
| **4** | **150** | **150 – 130 = 20** |
| **5** | **160** | **160 – 150 = 10** |
| **6** | **160** | **160 – 160 = 0** |
| **7** | **150** | **150 – 160 = – 10** |

**ਉਪਰੋਕਤ ਤਾਲਿਕਾ ਦੇ ਅਧਾਰ ਤੇ ਕੁੱਲ ਤੁਸ਼ਟੀਗੁਣ ਅਤੇ ਸੀਮਾਂਤ ਤੁਸ਼ਟੀਗੁਣ ਵਿੱਚ ਪਾਏ ਜਾਣ ਵਾਲੇ ਸੰਬਧ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।**

**1.** ਜਿਵੇਂ-ਜਿਵੇਂ X ਵਸਤੂ ਦੀਆਂ ਇਕਾਈਆਂ ਦਾ ਉਪਭੋਗ ਹੁੰਦਾ ਹੈ, ਵਸਤੂ ਦੀ ਹਰੇਕ ਵਾਧੂ ਇਕਾਈ ਦੇ ਉਪਭੋਗ ਤੋਂ ਪ੍ਰਾਪਤ ਹੋਣ ਵਾਲੀ  ਸੀਮਾਂਤ ਉਪਯੋਗਤਾ ਘਟਦੀ ਹੈ। ਲਗਾਤਾਰ ਇਕਾਈਆਂ ਦੇ ਉਪਭੋਗ ਨਾਲ, ਸੀਮਾਂਤ ਉਪਯੋਗਤਾ ਸਿਫ਼ਰ ਹੋ ਜਾਂਦੀ ਹੈ ਅਤੇ ਅੰਤ ਵਿੱਚ ਰਿਣਾਤਮਕ ਹੋ ਜਾਂਦੀ ਹੈ (ਤਾਲਿਕਾ ਦੇ ਅਨੁਸਾਰ, 6ਵੀਂ ਇਕਾਈ ਦੇ ਉਪਭੋਗ ਤੇ ਸੀਮਾਂਤ ਉਪਯੋਗਤਾ (MU) ਸਿਫ਼ਰ ਹੈ ਅਤੇ  7ਵੀਂ ਇਕਾਈ ਤੇ ਰਿਣਾਤਮਕ ਹੋ ਜਾਂਦੀ ਹੈ)।

**2.** ਜਦੋਂ ਤੱਕ X ਵਸਤੂ ਦੀਆਂ ਵਾਧੂ ਇਕਾਈਆਂ ਦੇ ਉਪਭੋਗ ਤੋਂ ਪ੍ਰਾਪਤ ਸੀਮਾਂਤ ਉਪਯੋਗਤਾ (MU) ਧਨਾਤਮਕ ਹੈ, ਕੁੱਲ ਉਪਯੋਗਤਾ (TU) ਵਿਚ ਵਾਧਾ ਹੁੰਦਾ ਹੈ (ਵਸਤੂ ਦੀ 5ਵੀਂ ਇਕਾਈ ਦੇ ਉਪਭੋਗ ਤਕ ਸੀਮਾਂਤ ਉਪਯੋਗਤਾ (MU) ਧਨਾਤਮਕ ਹੈ)।

**3.** ਜਦੋਂ ਕੁੱਲ ਉਪਯੋਗਤਾ (TU) ਅਧਿਕਤਮ ਹੋ ਜਾਂਦੀ ਹੈ (ਜਿਸ ਨੂੰ ਪੂਰਨ ਸੰਤੁਸ਼ਟੀ ਬਿੰਦੂ ਵੀ ਕਿਹਾ ਜਾਂਦਾ ਹੈ), ਸੀਮਾਂਤ ਉਪਯੋਗਤਾ (MU) ਸਿਫ਼ਰ ਹੋ ਜਾਂਦੀ ਹੈ। 6ਵੀਂ ਇਕਾਈ ਤੇ ਕੁੱਲ ਉਪਯੋਗਤਾ (TU) ਅਧਿਕਤਮ 160 utils ਹੈ ਅਤੇ ਸੀਮਾਂਤ ਉਪਯੋਗਤਾ (MU) ਸਿਫ਼ਰ ਹੋ ਜਾਂਦੀ ਹੈ।

**4.** ਜਦੋਂ ਕੁੱਲ ਉਪਯੋਗਤਾ (TU) ਘਟਣਾ ਸ਼ੁਰੂ ਹੁੰਦੀ ਹੈ, ਸੀਮਾਂਤ ਉਪਯੋਗਤਾ (MU) ਰਿਣਾਤਮਕ ਹੋ ਜਾਂਦਾ ਹੈ। 7ਵੀਂ ਇਕਾਈ ਦੇ ਉਪਭੋਗ ਤੋਂ ਬਾਅਦ, ਸੀਮਾਂਤ ਉਪਯੋਗਤਾ (MU) ਰਿਣਾਤਮਕ ਹੋ ਜਾਂਦੀ ਹੈ ਅਤੇ ਕੁੱਲ ਉਪਯੋਗਤਾ (TU) 160 utils ਤੋਂ ਘੱਟ ਕੇ 150 utils ਹੋ ਜਾਂਦੀ ਹੈ।

**5.** ਸੀਮਾਂਤ ਉਪਯੋਗਤਾ (MU) ਦੀ ਗਣਨਾ ਕੁੱਲ ਉਪਯੋਗਤਾ (TU) ਤੋਂ ਕੀਤੀ ਜਾਂਦੀ ਹੈ:

MU = TUn - TUn - 1

ਅਤੇ ਵਸਤੂ ਦੀਆਂ ਭਿੰਨ-ਭਿੰਨ ਇਕਾਈਆਂ ਤੋਂ ਪ੍ਰਾਪਤ ਹੋਣ ਵਾਲੀ ਸੀਮਾਂਤ ਉਪਯੋਗਤਾ (MU) ਦੇ ਜੋੜ ਤੋਂ ਕੁੱਲ ਉਪਯੋਗਤਾ ਦੀ ਗਣਨਾ ਕੀਤੀ ਜਾਂਦੀ ਹੈ:

TUn = MU1 + MU2 + MU3 + ............. ....... + MUn= ∑MU

**ਪ੍ਰਸ਼ਨ: ਘੱਟਦੀ ਸੀਮਾਂਤ ਉਪਯੋਗਤਾ ਦੇ ਨਿਯਮ ਦਾ ਵਰਨਣ ਕਰੋ।**


**ਉੱਤਰ:** ਇਹ ਇੱਕ ਆਮ ਧਾਰਨਾ ਹੈ ਕਿ ਜਿਵੇਂ ਜਿਵੇਂ ਅਸੀਂ ਕਿਸੇ ਵਸਤੂ ਦੀਆਂ ਵੱਧ ਤੋਂ ਵੱਧ ਇਕਾਈਆਂ ਦਾ ਉਪਭੋਗ ਕਰਦੇ ਹਾਂ, ਉਸ ਵਸਤੂ ਪ੍ਰਤੀ ਸਾਡੀ ਇੱਛਾ ਦੀ ਤੀਬਰਤਾ ਘਟਦੀ ਜਾਂਦੀ ਹੈ।  ਘੱਟਦੀ ਸੀਮਾਂਤ ਉਪਯੋਗਤਾ ਦਾ ਨਿਯਮ ਵੀ ਇਹ ਗੱਲ ਹੀ ਦਰਸਾਉਂਦਾ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਜਿਵੇਂ ਜਿਵੇਂ ਇਕ ਵਸਤੂ ਦੀਆਂ ਜ਼ਿਆਦਾ ਤੋਂ ਜ਼ਿਆਦਾ ਇਕਾਈਆਂ ਦਾ ਉਪਭੋਗ ਹੁੰਦਾ ਹੈ, ਹਰ ਇਕ ਇਕਾਈ ਤੋਂ ਬਾਅਦ ਉਪਭੋਗ ਹੋਣ ਵਾਲੀਆਂ ਇਕਾਈਆਂ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ।

**ਘੱਟਦੀ ਸੀਮਾਂਤ ਉਪਯੋਗਤਾ ਦੇ ਨਿਯਮ ਦੀ ਪਰਿਭਾਸ਼ਾ**

ਮਾਰਸ਼ਲ ਦੇ ਅਨੁਸਾਰ, "ਉਹ ਵਧੇਰੇ ਲਾਭ ਜੋ ਵਿਅਕਤੀ ਨੂੰ ਕਿਸੇ ਵਸਤੂ ਦੇ ਦਿੱਤੇ ਸਟਾਕ ਤੋਂ ਮਿਲਦਾ ਹੈ, ਉਹ ਉਸ ਵਸਤੂ ਦੇ ਭੰਡਾਰ ਵਿੱਚ ਹਰ ਵਾਧੇ ਨਾਲ ਘੱਟ ਜਾਂਦਾ ਹੈ ਜੋ ਉਸ ਕੋਲ ਪਹਿਲਾਂ ਹੀ ਹੈ।"

**ਹੇਠਾਂ ਦਿੱਤੀ ਤਾਲਿਕਾ ਅਤੇ ਚਿੱਤਰ ਦੀ ਮਦਦ ਨਾਲ ਘੱਟਦੀ ਸੀਮਾਂਤ ਉਪਯੋਗਤਾ ਦੇ ਨਿਯਮ ਦੀ ਵਿਆਖਿਆ ਕੀਤੀ ਜਾ ਸਕਦੀ ਹੈ-**

| **ਵਸਤੂ X ਦੀਆਂ ਇਕਾਈਆਂ (Quantity)** | **ਸੀਮਾਂਤ ਉਪਯੋਗਤਾ (Marginal Utility of X)** |
|---|---|
| **1** | **4** |
| **2** | **3** |
| **3** | **2** |



| | |
|---|---|
| **4** | **1** |
| **5** | **0** |
| **6** | **-1** |

ਤਾਲਿਕਾ ਅਤੇ ਚਿੱਤਰ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵਸਤੂ X ਦੀਆਂ ਪਹਿਲੀਆਂ ਚਾਰ ਇਕਾਈਆਂ ਤੋਂ ਵਧੇਰੇ ਸੰਤੁਸ਼ਟੀ ਪ੍ਰਦਾਨ ਕਰਦੀਆਂ ਹਨ। ਜਿਵੇਂ ਜਿਵੇਂ X ਵਸਤੂ ਦੀਆਂ ਅਤਿਰਿਕਤ ਇਕਾਈਆਂ ਦਾ ਉਪਭੋਗ ਕੀਤਾ ਜਾਂਦਾ ਹੈ, ਹਰ ਇਕਾਈ ਤੋਂ ਪ੍ਰਾਪਤ ਹੋਣ ਵਾਲੀ ਸੀਮਾਂਤ ਉਪਯੋਗਤਾ ਘੱਟਦੀ ਜਾਂਦੀ ਹੈ।

**ਪ੍ਰਸ਼ਨ: ਇੱਕ ਵਸਤੂ ਦੇ ਉਪਭੋਗ ਦੀ ਸਥਿਤੀ ਵਿੱਚ ਉਪਭੋਗਤਾ ਦੇ ਸੰਤੁਲਨ ਦੀ ਵਿਖਾਇਆ ਕਰੋ।**

**ਉੱਤਰ: ਇੱਕ ਵਸਤੂ ਦੇ ਉਪਭੋਗ ਦੀ ਸਥਿਤੀ ਵਿੱਚ ਉਪਭੋਗਤਾ ਦਾ ਸੰਤੁਲਨ**

ਇੱਕ ਵਸਤੂ ਦੇ ਉਪਭੋਗ ਦੀ ਸਥਿਤੀ ਵਿੱਚ ਇੱਕ ਉਪਭੋਗਤਾ ਉਸ ਸਮੇਂ ਸੰਤੁਲਨ ਵਿਚ ਹੋਵੇਗਾ ਜਦੋਂ ਵਸਤੂ ਤੇ ਖਰਚ ਕੀਤੀ ਗਈ ਮੁਦਰਾ ਦੀ ਆਖ਼ਰੀ ਇਕਾਈ ਤੋਂ ਪ੍ਰਾਪਤ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਦੇ ਸਮਾਨ ਹੋ ਜਾਂਦੀ ਹੈ। ਭਾਵ ਇੱਕ ਰੁਪਏ ਤੋਂ ਪ੍ਰਾਪਤ ਸੀਮਾਂਤ ਉਪਯੋਗਤਾ = ਮੁਦਰਾ ਦੀ ਸੀਮਾਂਤ ਉਪਯੋਗਤਾ।

**ਵਸਤੂ ਤੇ ਖਰਚ ਕੀਤੇ ਗਏ ਅੰਤਿਮ ਰੁਪਏ ਤੋਂ ਪ੍ਰਾਪਤ ਸੀਮਾਂਤ ਉਪਯੋਗਤਾ**

ਜਿਸ ਤਰ੍ਹਾਂ ਇਕ ਉਪਭੋਗਤਾ ਨੂੰ ਭਿੰਨ ਭਿੰਨ ਵਸਤੂਆਂ ਦੇ ਖ਼ਰਚ ਕਰ ਕੇ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਉਸ ਪ੍ਰਕਾਰ ਮੁਦਰਾ ਖਰਚ ਕਰਨ ਤੇ ਵੀ ਉਸ ਨੂੰ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਲਈ ਵਸਤੂ ਤੇ ਖਰਚ ਕੀਤੀ ਗਈ ਮੁਦਰਾ ਦੀ ਅਤਿਰਿਕਤ ਇਕਾਈ (ਇੱਕ ਰੁਪਿਆ) ਤੋਂ ਪ੍ਰਾਪਤ ਸੰਤੁਸ਼ਟੀ ਨੂੰ ਰੁਪਏ ਦੀ ਸੀਮਾਂਤ ਉਪਯੋਗਤਾ ਕਿਹਾ ਜਾਂਦਾ ਹੈ।

MUx/Px=MUm ਜਿੱਥੇ,
MUx ਤੋਂ ਭਾਵ ਵਸਤੂ ਐਕਸ ਦੀ ਸੀਮਾਂਤ ਉਪਯੋਗਤਾ ਹੈ,
Px ਤੋਂ ਭਾਵ ਵਸਤੂ ਦੀ ਕੀਮਤ ਹੈ।

**ਮੁਦਰਾ ਦੀ ਸੀਮਾਂਤ ਉਪਯੋਗਤਾ**: ਮੁਦਰਾ ਦੀ ਸੀਮਾਂਤ ਉਪਯੋਗਤਾ ਤੋਂ ਭਾਵ ਉਪਭੋਗਤਾ ਦੁਆਰਾ ਅੰਕਿਤ ਕੀਤੇ ਗਏ ਇੱਕ ਰੁਪਏ ਦੇ ਅਸਲ ਮੁੱਲ ਤੋਂ ਹੈ। ਇਹ ਵਿਅਕਤੀਗਤ ਧਾਰਨਾ ਹੈ ਅਤੇ ਇੱਕ ਉਪਭੋਗਤਾ ਇਸ ਦਾ ਮੁੱਲ ਆਪ ਨਿਸ਼ਚਿਤ ਕਰਦਾ ਹੈ। ਮੁਦਰਾ ਦੀ ਸੀਮਾਂਤ ਉਪਯੋਗਤਾ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਸਥਿਰ ਮੰਨ ਲਈ ਜਾਂਦੀ ਹੈ।

**ਉਪਭੋਗਤਾ ਸੰਤੁਲਨ**: ਇੱਕ ਉਪਭੋਗਤਾ ਉਸ ਵੇਲੇ ਸੰਤੁਲਨ ਵਿੱਚ ਹੁੰਦਾ ਹੈ ਜਿਸ ਵੇਲੇ ਇੱਕ ਰੁਪਏ ਦੀ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਦੇ ਸਮਾਨ ਹੋ ਜਾਂਦੀ ਹੈ। MUx/Px=MUm

**ਤਾਲਿਕਾ ਦੀ ਸਹਾਇਤਾ ਨਾਲ ਵਿਆਖਿਆ**

ਮੰਨ ਲਓ, ਮੁਦਰਾ ਦੀ ਸੀਮਾਂਤ ਉਪਯੋਗਤਾ 5 utils ਅਤੇ X ਵਸਤੂ ਦੀ ਕੀਮਤ 5 ਰੁਪਏ ਹੈ। ਵਸਤੂ ਐਕਸ ਦੀਆਂ ਭਿੰਨ ਭਿੰਨ ਇਕਾਈਆਂ ਤੋਂ ਪ੍ਰਾਪਤ ਸੀਮਾਂਤ ਉਪਯੋਗਤਾ ਨੂੰ ਹੇਠ ਲਿਖੀ ਤਾਲਿਕਾ ਵਿੱਚ ਦਰਜ ਕੀਤਾ ਗਿਆ ਹੈ।

| ਵਸਤੂ X ਦੀਆਂ ਇਕਾਈਆਂ | ਵਸਤੂ X ਦੀ ਸੀਮਾਂਤ ਉਪਯੋਗਤਾ MUx (utils) |
|---|---|
| 1 | 30 |
| 2 | 28 |
| 3 | 25 |
| 4 | 20 |
| 5 | 10 |
| 6 | 2 |
| 7 | – 5 |

ਉਪਰੋਕਤ ਤਾਲਿਕਾ ਤੋਂ ਇਹ ਸਪਸ਼ਟ ਹੈ ਕਿ ਉਪਭੋਗਤਾ X ਵਸਤੂ ਦੀਆਂ 3 ਇਕਾਈਆਂ ਦੇ ਉਪਭੋਗ ਦੀ ਸਥਿਤੀ ਵਿੱਚ ਸੰਤੁਲਨ ਪ੍ਰਾਪਤ ਕਰਦਾ ਹੈ ਕਿਉਂਕਿ ਇਸ ਸਮੇਂ ਇੱਕ ਰੁਪਏ ਦੀ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਦੇ ਬਰਾਬਰ ਹੈ। ਇਸ ਸਮੇਂ MUx/Px=MUm, ਕਿਉਂਕਿ X ਵਸਤੂ ਦੀਆਂ 3 ਇਕਾਈਆਂ ਦੇ ਉਪਭੋਗ ਦੀ ਸਥਿਤੀ ਵਿੱਚ MUx=25 ਅਤੇ MUm=5 ਹੈ ਅਤੇ
MUx/Px=25/5=MUm=5 ਦੇ ਬਰਾਬਰ ਹੋ ਜਾਂਦੀ ਹੈ।

ਹੁਣ ਮੰਨ ਲਓ, ਉਪਭੋਗਤਾ ਤਿੰਨ ਇਕਾਈਆਂ ਤੋਂ ਘੱਟ ਉਪਭੋਗ ਕਰਦਾ ਹੈ, ਇਸ ਹਾਲਤ ਵਿੱਚ ਇੱਕ ਰੁਪਏ ਦੀ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਤੋਂ ਵਧ ਜਾਂਦੀ ਹੈ। =>MUx/Px>MUm

ਉਦਾਹਰਣ ਵਜੋਂ, X ਵਸਤੂ ਦੀ 2 ਇਕਾਈ ਤੇ MUx=25 ਅਤੇ Px=5 ਅਤੇ MUm=5 ਹੋ ਗਈ ਹੈ
=>MUx/Px=28/5=5.6
ਇਸ ਸਥਿਤੀ ਵਿੱਚ 5.6>5,

ਉਪਭੋਗਤਾ ਦੋ ਇਕਾਈਆਂ ਤੇ ਪੰਜ ਰੁਪਏ ਖਰਚ ਕਰਦਾ ਹੈ ਜੋ ਕਿ ਉਸ ਵਸਤੂ ਦੇ ਅਸਲ ਮੁੱਲ 5.6 ਰੁਪਏ ਤੋਂ ਘੱਟ ਹੈ।ਇਸ ਲਈ ਉਪਭੋਗਤਾ X ਵਸਤੂ ਦੀਆਂ ਅਤਿਰਿਕਤ ਇਕਾਈਆਂ ਤੇ ਖ਼ਰਚ ਉਦੋਂ ਤੱਕ ਕਰੇਗਾ ਜਿੱਥੇ MUx/Px=MUm ਹੋ ਜਾਂਦਾ ਹੈ।


ਪ੍ਰੰਤੂ ਜੇਕਰ ਉਪਭੋਗਤਾ ਤਿੰਨ ਇਕਾਈਆਂ ਤੋਂ ਵੱਧ ਉਪਭੋਗ ਕਰਦਾ ਹੈ ਉਸ ਸਥਿਤੀ ਵਿੱਚ ਇੱਕ ਰੁਪਏ ਦੀ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਤੋਂ ਘੱਟ ਹੋ ਜਾਵੇਗੀ।

=> $MUx/Px<MUm$

ਉਦਾਹਰਣ ਵਜੋਂ, X ਵਸਤੂ ਦੀ 4 ਇਕਾਈ ਤੇ MUx=20 ਅਤੇ Px=5 ਅਤੇ MUm=5 ਹੈ,

=> $MUx/Px=20/5=4$

ਇਸ ਸਥਿਤੀ ਵਿੱਚ ਉਪਭੋਗਤਾ X ਵਸਤੂ ਦੀਆਂ 4 ਇਕਾਈਆਂ ਤੇ 5 ਰੁਪਏ ਖ਼ਰਚ ਕਰਦਾ ਹੈ ਜਦਕਿ ਉਸ ਦਾ ਅਸਲ ਮੁੱਲ 4 ਰੁਪਏ ਹੈ। ਇਸ ਲਈ ਉਪਭੋਗਤਾ ਆਪਣੇ ਉਪਭੋਗ ਨੂੰ MUx/Px=MUm ਸਥਿਤੀ ਭਾਵ ਤਿੰਨ ਇਕਾਈਆਂ ਤੱਕ ਘੱਟ ਕਰੇਗਾ।




ਉਪਰੋਕਤ ਚਿੱਤਰ ਵਿਚ X ਵਸਤੂ ਦੀਆਂ ਇਕਾਈਆਂ ਨੂੰ x-ਅਕਸ ਤੇ ਜਦ ਕਿ X ਵਸਤੂ ਦੀ ਕੀਮਤ ਅਤੇ ਉਪਯੋਗਤਾ ਨੂੰ y-ਅਕਸ ਤੇ ਅੰਕਿਤ ਕੀਤਾ ਗਿਆ ਹੈ। MUm ਵਕਰ x-ਅਕਸਦੇ ਸਮਾਨੰਤਰ ਰੇਖਾ ਹੈ ਜੋ ਮੁਦਰਾ ਦੀ ਸਥਿਰ ਸੀਮਾਂਤ ਉਪਯੋਗਤਾ ਦੀ ਨੂੰ ਦਰਸਾਉਂਦਾ ਹੈ। MUx ਵਕਤ ਦੀ ਢਲਾਨ ਰਿਣਾਤਮਕ ਹੈ ਜੋ ਕਿ X ਵਸਤੂ ਦੀ ਘਟਦੀ ਸੀਮਾਂਤ ਉਪਯੋਗਤਾ ਨੂੰ ਦਰਸਾਉਂਦਾ ਹੈ। ਉਪਭੋਗਤਾ ਦਾ ਸੰਤੁਲਨ E ਬਿੰਦੂ ਤੇ ਹੁੰਦਾ ਹੈ ਜਿੱਥੇ ਇੱਕ ਰੁਪਏ ਦੀ ਸੀਮਾਂਤ ਉਪਯੋਗਤਾ ਮੁਦਰਾ ਦੀ ਸੀਮਾਂਤ ਉਪਯੋਗਤਾ ਦੇ ਬਰਾਬਰ ਹੋ ਜਾਂਦੀ ਹੈ।

**ਪ੍ਰਸ਼ਨ: ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਵਿਚਾਰ ਕਰੋ।**

**ਉੱਤਰ**: ਇਕ ਵਸਤੂ ਦੀ ਮੰਗ ਉਸ ਵਸਤੂ ਦੀ ਕੀਮਤ ਤੋਂ ਇਲਾਵਾ ਵੱਖ ਵੱਖ ਤਤਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਤੱਤਾਂ ਅਤੇ ਕਿਸੇ ਵਸਤੂ ਦੀ ਮੰਗ ਦੇ ਵਿਚਕਾਰ ਸਬੰਧ ਨੂੰ ਫਲਨਾਤਮਕ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ, ਜਿਸ ਨੂੰ ਮੰਗ ਫਲਨ ਦੇ ਰੂਪ ਵਿੱਚ ਜਾਣਿਆ ਜਾ ਸਕਦਾ ਹੈ।ਮੰਗ ਫਲਨ ਦੋ ਕਿਸਮਾਂ ਦੇ ਹੋ ਸਕਦੇ ਹਨ।

1. ਵਿਅਕਤੀਗਤ ਮੰਗ ਫਲਨ
2. ਮਾਰਕੀਟ ਦੀ ਮੰਗ ਫਲਨ

**1. ਵਿਅਕਤੀਗਤ ਮੰਗ ਫਲਨ**: ਇੱਕ ਵਿਅਕਤੀਗਤ ਮੰਗ ਫਲਨ ਇੱਕ ਵਿਅਕਤੀਗਤ ਉਪਭੋਗਤਾ ਦੁਆਰਾ ਵੱਖ ਵੱਖ ਨਿਰਧਾਰਕਾਂ ਦੇ ਉਸ ਦੁਆਰਾ ਮੰਗੀ ਗਈ ਮਾਤਰਾ ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਣਕਾਰੀ ਦਿੰਦਾ ਹੈ।ਹੇਠਾਂ ਇੱਕ ਵਿਅਕਤੀਗਤ ਮੰਗ ਫਲਨ ਦੇ ਨਿਰਧਾਰਕ ਤੱਤਾਂ ਨੂੰ ਦਿਖਾਇਆ ਗਿਆ ਹੈ:

i. **ਵਸਤੂ ਦੀ ਆਪਣੀ ਕੀਮਤ**: ਜਦੋਂ ਹੋ ਤੱਤਾਂ ਵਿੱਚ ਕੋਈ ਬਦਲਾਅ ਨਹੀਂ ਹੁੰਦਾ, ਤਾਂ ਕਿਸੇ ਵਸਤੂ ਦੀ ਆਪਣੀ ਕੀਮਤ ਅਤੇ ਉਸ ਦੀ ਮੰਗ ਦੇ ਵਿੱਚ ਵਿਪਰੀਤ ਸਬੰਧ ਪਾਇਆ ਜਾਂਦਾ ਹੈ। ਭਾਵ ਉਸ ਵਸਤੂ ਦੀ ਆਪਣੀ ਕੀਮਤ ਦੇ ਵੱਧਣ ਤੇ ਉਸ ਵਸਤੂ ਦੀ ਆਪਣੀ ਮੰਗ ਘੱਟ ਜਾਂਦੀ ਹੈ ਅਤੇ ਉਸ ਵਸਤੂ ਦੀ ਆਪਣੀ ਕੀਮਤ ਘੱਟ ਜਾਣ ਤੇ ਉਸ ਵਸਤੂ ਦੀ ਆਪਣੀ ਮੰਗ ਵੱਧ ਜਾਂਦੀ ਹੈ।

ii. **ਹੋਰ ਸਬੰਧਤ ਵਸਤੂਆਂ ਦੀ ਕੀਮਤ**: ਕਿਸੇ ਵਸਤੂ ਦੀ ਮੰਗ ਨੂੰ ਉਸ ਵਸਤੂ ਦੀ ਆਪਣੀ ਕੀਮਤ ਤੋਂ ਇਲਾਵਾ ਉਸ ਵਸਤੂ ਦੇ ਨਾਲ ਸਬੰਧਤ ਵਸਤੂਆਂ ਦੀ ਕੀਮਤ ਵੀ ਪ੍ਰਭਾਵਿਤ ਕਰਦੀ ਹੈ। ਕੋਈ ਵੀ ਦੋ ਚੀਜ਼ਾਂ ਇਕ ਦੂਜੇ ਨਾਲ ਸਬੰਧਤ ਮੰਨੀਆਂ ਜਾਂਦੀਆਂ ਹਨ, ਜਦੋਂ ਇੱਕ ਵਸਤੂ ਦੀ ਕੀਮਤ ਵਿਚ ਤਬਦੀਲੀ ਦੇ ਕਾਰਨ ਦੂਜੀ ਵਸਤੂ ਦੀ ਮੰਗ ਵਿੱਚ ਤਬਦੀਲੀ ਹੁੰਦੀ ਹੈ।ਸਬੰਧਤ ਚੀਜ਼ਾਂ ਨੂੰ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

- **ਸਥਾਨਾਪੰਨ ਵਸਤੂਆਂ**: ਸਥਾਨਾਪੰਨ ਵਸਤੂਆਂ ਉਹ ਵਸਤੂਆਂ ਹੁੰਦੀਆਂ ਹਨ ਜੋ ਇਕ ਦੂਜੇ ਦੀ ਥਾਂ 'ਤੇ ਵਰਤੀਆਂ ਜਾ ਸਕਦੀਆਂ ਹਨ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਨੂੰ ਇਕ ਦੂਜੇ ਲਈ ਬਦਲਿਆ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ, ਚਾਹ ਅਤੇ ਕੌਫੀ, ਕੋਲਗੇਟ ਅਤੇ ਪੇਪਸੋਡੈਂਟ, ਸੈਲੋ ਪੈੱਨ ਅਤੇ ਰੀਨੋਲਡਜ਼ ਪੈੱਨ, ਆਦਿ ਸਥਾਨਾਪੰਨ ਵਸਤੂਆਂ ਦੀ ਉਦਾਹਰਨ ਹਨ। ਇਹਨਾਂ ਵਸਤੂਆਂ ਦੀ ਸਥਿਤੀ ਵਿੱਚ ਜਦੋਂ ਇੱਕ ਵਸਤੂ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ, ਤਾਂ ਦੂਜੀ ਵਸਤੂ ਦੀ ਮੰਗ ਵਿੱਚ ਵਾਧਾ ਹੁੰਦਾ ਹੈ। ਉਦਾਹਰਣ ਵਜੋਂ, ਜੇ ਚਾਹ ਦੀ ਕੀਮਤ ਵਧਦੀ ਹੈ, ਤਾਂ ਚਾਹ ਦੀ ਮੰਗ ਘੱਟ ਜਾਵੇਗੀ। ਨਤੀਜੇ ਵਜੋਂ, ਖਪਤਕਾਰ ਆਪਣੀ ਖਪਤ ਕਾਫੀ ਦੇ ਵੱਲ ਬਦਲ ਦੇਣਗੇ ਅਤੇ ਕਾਫੀ ਦੀ ਮੰਗ ਵਧੇਗੀ।
- **ਪੂਰਕ ਵਸਤੂਆਂ**: ਪੂਰਕ ਚੀਜ਼ਾਂ ਉਨ੍ਹਾਂ ਚੀਜ਼ਾਂ ਨੂੰ ਸੰਕੇਤ ਕਰਦੀਆਂ ਹਨ ਜਿਹੜੀਆਂ ਇਕੱਠੀਆਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਚੀਜ਼ਾਂ ਦੀ ਸੰਯੁਕਤ ਖਪਤ ਉਪਭੋਗਤਾਵਾਂ ਦੀਆਂ ਇੱਛਾਵਾਂ ਪੂਰੀਆਂ ਕਰਦੀਆਂ ਹਨ। ਉਦਾਹਰਣ ਦੇ ਤੌਰ ਤੇ: ਚਾਹ ਅਤੇ ਚੀਨੀ, ਸਿਆਹੀ ਕਲਮ ਅਤੇ ਸਿਆਹੀ, ਪ੍ਰਿੰਟਰ ਅਤੇ ਕਾਗਜ਼, ਆਦਿ। ਪੂਰਕ ਵਸਤੂਆਂ ਦੇ ਮਾਮਲੇ ਵਿੱਚ, ਜੇ ਇੱਕ ਵਸਤੂ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਤਾਂ ਇੱਕ ਉਪਭੋਗਤਾ ਦੂਜੀ ਪੂਰਕ ਵਸਤੂ ਲਈ ਆਪਣੀ ਮੰਗ ਨੂੰ ਘਟਾ ਦਿੰਦਾ ਹੈ, ਭਾਵ ਕੀਮਤਾਂ ਵਿੱਚ ਉਦਾਹਰਣ ਵਜੋਂ, ਚੀਨੀ ਅਤੇ ਚਾਹ ਪੂਰਕ ਚੀਜ਼ਾਂ ਹਨ। ਕਿਉਂਕਿ, ਚੀਨੀ ਅਤੇ ਚਾਹ ਇਕੱਠੇ ਖਪਤ ਕੀਤੀ ਜਾਂਦੀ ਹੈ, ਇਸ ਲਈ ਚਾਹ ਦੀ ਕੀਮਤ ਵਿਚ ਵਾਧਾ ਚੀਨੀ ਦੀ ਮੰਗ ਨੂੰ ਘਟਾਉਂਦਾ ਹੈ ਅਤੇ ਇਸ ਦੇ ਉਲਟ।

iii. **ਉਪਭੋਗਤਾ ਦੀ ਆਮਦਨ**: ਉਪਭੋਗਤਾ ਦੀ ਆਮਦਨੀ ਵਿੱਚ ਤਬਦੀਲੀ ਵੀ ਚੀਜ਼ਾਂ ਦੀ ਮੰਗ ਨੂੰ ਪ੍ਰਭਾਵਤ ਕਰਦੀ ਹੈ। ਮੰਗ 'ਤੇ ਆਮਦਨੀ ਵਿਚ ਤਬਦੀਲੀ ਦਾ ਪ੍ਰਭਾਵ ਵਸਤੂ ਦੀ ਕਿਸਮ' ਤੇ ਨਿਰਭਰ ਕਰਦਾ ਹੈ।

➢ ਸਧਾਰਨ ਵਸਤੂਆਂ ਦਾ ਆਮਦਨ ਨਾਲ ਸਿੱਧਾ ਸਬੰਧ ਹੁੰਦਾ ਹੈ। ਭਾਵ ਸਧਾਰਨ ਵਸਤੂਆਂ ਦੀ ਸਥਿਤੀ ਵਿੱਚ ਵਸਤੂ ਦੀ ਮੰਗ ਆਮਦਨ ਦੇ ਵੱਧਣ ਨਾਲ ਵੱਧ ਜਾਂਦੀ ਹੈ ਅਤੇ ਆਮਦਨ ਦੇ ਘੱਟ ਹੋਣ ਨਾਲ ਘੱਟ ਜਾਂਦੀ ਹੈ।

➢ ਘਟੀਆ ਵਸਤੂਆਂ ਦਾ ਆਮਦਨ ਨਾਲ ਵਿਪਰੀਤ ਸਬੰਧ ਹੁੰਦਾ ਹੈ। ਭਾਵ ਘਟੀਆ ਵਸਤੂਆਂ ਦੀ ਸਥਿਤੀ ਵਿੱਚ ਵਸਤੂ ਦੀ ਮੰਗ ਆਮਦਨ ਦੇ ਵੱਧਣ ਨਾਲ ਘੱਟ ਜਾਂਦੀ ਹੈ ਅਤੇ ਆਮਦਨ ਦੇ ਘੱਟ ਹੋਣ ਨਾਲ ਵੱਧ ਜਾਂਦੀ ਹੈ।

➢ ਗਿਫਨ ਵਸਤੂਆਂ ਉਹ ਵਸਤੂਆਂ ਹਨ, ਜੋ ਬਹੁਤ ਘਟੀਆ ਵਸਤੂਆਂ ਹੁੰਦੀਆਂ ਹਨ। ਘਟੀਆ ਚੀਜ਼ਾਂ ਦੀ ਤਰ੍ਹਾਂ, ਗਿਫਨ ਵਸਤੂਆਂ ਦੀ ਮੰਗ ਦਾ ਵੀ ਆਮਦਨ ਨਾਲ ਵਿਪਰੀਤ ਸਬੰਧ ਹੁੰਦਾ ਹੈ। ਭਾਵ ਗਿਫਨ ਵਸਤੂਆਂ ਦੀ ਸਥਿਤੀ ਵਿੱਚ ਵਸਤੂ ਦੀ ਮੰਗ ਆਮਦਨ ਦੇ ਵੱਧਣ ਨਾਲ ਘੱਟ ਜਾਂਦੀ ਹੈ ਅਤੇ ਆਮਦਨ ਦੇ ਘੱਟ ਹੋਣ ਨਾਲ ਵੱਧ ਜਾਂਦੀ ਹੈ।

iv. **ਉਪਭੋਗਤਾਵਾਂ ਦੇ ਸੁਆਦ ਅਤੇ ਤਰਜੀਹ**: ਉਪਭੋਗਤਾਵਾਂ ਦੇ ਸਵਾਦ ਅਤੇ ਤਰਜੀਹ ਉਸਦੀ ਚੀਜ਼ਾਂ ਦੀ ਮੰਗ ਨੂੰ ਬਹੁਤ ਪ੍ਰਭਾਵਤ ਕਰਦੀਆਂ ਹਨ। ਸਵਾਦ ਅਤੇ ਤਰਜੀਹਾਂ ਵਿੱਚ ਕਾਰਕ ਸ਼ਾਮਲ ਹੁੰਦੇ ਹਨ ਜਿਵੇਂ ਕਿ, ਆਦਤਾਂ, ਧਾਰਮਿਕ, ਰੀਤੀ ਰਿਵਾਜ਼ਾਂ ਆਦਿ। ਜੇ ਕੋਈ ਉਪਭੋਗਤਾ ਕਿਸੇ ਵਸਤੂ ਨੂੰ ਦੂਸਰੇ ਨਾਲੋਂ ਜ਼ਿਆਦਾ ਤਰਜੀਹ ਦਿੰਦਾ ਹੈ, ਤਾਂ ਉਸ ਵਸਤੂ ਦੀ ਉਸਦੀ ਮੰਗ ਵੱਧਦੀ ਹੈ ਅਤੇ ਇਸ ਦੇ ਉਲਟ।

**2.ਬਜ਼ਾਰ ਮੰਗ ਫਲਨ**: ਵਿਅਕਤੀਗਤ ਮੰਗ ਫਲਨ ਦੇ ਸਮਾਨ, ਬਜ਼ਾਰ ਮੰਗ ਫਲਨ ਇੱਕ ਵਸਤੂ ਅਤੇ ਇਸਦੇ ਵੱਖ ਵੱਖ ਨਿਰਧਾਰਕਾਂ ਦੇ ਬਜ਼ਾਰ ਮੰਗ ਦੇ ਵਿਚਕਾਰ ਸਬੰਧ ਨੂੰ ਦਰਸਾਉਂਦੀ ਹੈ। ਇਹ ਦੇ ਤੌਰ ਤੇ ਹੇਠ ਕੰਮ ਦੇ ਰੂਪ ਵਿਚ ਜਾ ਸਕਦਾ ਹੈ:

i. **ਆਬਾਦੀ ਦਾ ਆਕਾਰ**: ਕਿਸੇ ਵਸਤੂ ਦੀ ਬਜ਼ਾਰ ਮੰਗ ਆਬਾਦੀ ਦੇ ਆਕਾਰ ਨਾਲ ਵੀ ਪ੍ਰਭਾਵਤ ਹੁੰਦੀ ਹੈ। ਹੋਰ ਚੀਜ਼ਾਂ ਬਰਾਬਰ ਹੋਣ, ਆਬਾਦੀ ਦੇ ਆਕਾਰ ਵਿੱਚ ਵਾਧਾ ਇੱਕ ਵਸਤੂ ਦੀ ਬਜ਼ਾਰ ਮੰਗ ਨੂੰ ਵਧਾਉਂਦਾ ਹੈ ਅਤੇ ਆਬਾਦੀ ਵਿੱਚ ਕਮੀ ਨਾਲ ਇੱਕ ਵਸਤੂ ਦੀ ਬਜ਼ਾਰ ਮੰਗ ਘੱਟ ਜਾਂਦੀ ਹੈ। ਇਹ ਇਸ ਲਈ ਕਿਉਂਕਿ ਆਬਾਦੀ ਵਿੱਚ ਤਬਦੀਲੀ ਦੇ ਨਾਲ, ਬਜ਼ਾਰ ਵਿੱਚ ਉਪਭੋਗਤਾਵਾਂ ਦੀ ਗਿਣਤੀ ਬਦਲ ਜਾਂਦੀ ਹੈ ਅਤੇ ਇਸ ਤਰ੍ਹਾਂ ਬਜ਼ਾਰ ਮੰਗ ਵਿੱਚ ਵੀ ਤਬਦੀਲੀ ਆਉਂਦੀ ਹੈ। ਆਬਾਦੀ ਦੇ ਆਕਾਰ ਤੋਂ ਇਲਾਵਾ, ਆਬਾਦੀ ਦਾ ਬਣਤਰ ਵੀ ਬਜ਼ਾਰ ਦੀ ਮੰਗ ਨੂੰ ਪ੍ਰਭਾਵਤ ਕਰਦਾ ਹੈ। ਉਦਾਹਰਣ ਵਜੋਂ, ਜੇ ਆਬਾਦੀ ਵਿੱਚ ਜਵਾਨ ਅਤੇ ਕਿਸ਼ੋਰ ਉਪਭੋਗਤਾਵਾਂ ਦੀ ਵਧੇਰੇ ਗਿਣਤੀ ਹੁੰਦੀ ਹੈ, ਤਾਂ ਨੌਜਵਾਨਾਂ ਲਈ ਤਿਆਰ ਮਾਲ ਦੀ ਮੰਗ ਵਧੇਗੀ।

ii. **ਆਮਦਨੀ ਦੀ ਵੰਡ**: ਜੇ ਕਿਸੇ ਸਮਾਜ ਵਿੱਚ ਆਮਦਨੀ ਦੀ ਵੰਡ ਸਹੀ ਅਤੇ ਬਰਾਬਰ ਹੁੰਦੀ ਹੈ, ਤਾਂ ਵਸਤੂ ਦੀ ਮੰਗ ਆਮਦਨੀ ਦੀ ਅਸਮਾਨ ਵੰਡ ਦੇ ਨਾਲ ਸਥਿਤੀ ਦੇ ਮੁਕਾਬਲੇ ਵੱਧ ਹੁੰਦੀ ਹੈ।


**ਪ੍ਰਸ਼ਨ: ਮੰਗ ਦੇ ਨਿਯਮ ਤੋਂ ਕੀ ਭਾਵ ਹੈ? ਇਸ ਦੀਆਂ ਮਾਨਤਾਵਾਂ ਦਾ ਵਰਣਨ ਕਰੋ।**

**ਉੱਤਰ**: ਅਸੀਂ ਜਾਣਦੇ ਹਾਂ, ਵਸਤੂ ਦੀ ਮੰਗ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ। ਕੀਮਤ ਉਹਨਾਂ ਸਾਰੇ ਕਾਰਕਾਂ ਵਿਚੋਂ ਸਭ ਤੋਂ ਮਹੱਤਵਪੂਰਣ ਹੈ ਜੋ ਮੰਗ ਨੂੰ ਪ੍ਰਭਾਵਤ ਕਰਦੇ ਹਨ। ਮੰਗ ਦਾ ਕਾਨੂੰਨ ਵਸਤੂ ਦੀ ਕੀਤੀ ਗਈ ਮੰਗ ਅਤੇ ਵਸਤੂ ਦੀ ਕੀਮਤ ਦੇ ਵਿਚਕਾਰ ਇਸ ਮੁੱਢਲੇ ਸੰਬੰਧ ਦੀ ਵਿਆਖਿਆ ਕਰਦਾ ਹੈ।

ਮੰਗ ਦੇ ਨਿਯਮ ਦੇ ਅਨੁਸਾਰ, ਜੇਕਰ ਹੋਰ ਗੱਲਾਂ ਵਿੱਚ ਕੋਈ ਬਦਲਾਅ ਨਾ ਹੋਵੇ, ਤਾਂ ਇੱਕ ਉਪਭੋਗਤਾ ਦੀ ਕਿਸੇ ਵਸਤੂ ਦੇ ਲਈ ਮੰਗ ਦਾ ਉਸ ਵਸਤੂ ਦੀ ਕੀਮਤ ਦੇ ਨਾਲ ਉਲਟ ਸਬੰਧ ਹੁੰਦਾ ਹੈ। ਦੂਜੇ ਸ਼ਬਦਾਂ ਵਿਚ, ਜੇ ਆਮਦਨੀ, ਸੰਬੰਧਿਤ ਚੀਜ਼ਾਂ ਦੀ ਕੀਮਤ ਅਤੇ ਉਪਭੋਗਤਾ ਦੇ ਸਵਾਦ ਅਤੇ ਤਰਜੀਹਾਂ ਵਿਚ ਕੋਈ ਤਬਦੀਲੀ ਨਹੀਂ ਰਹਿੰਦੀ, ਤਾਂ ਉਸ ਵਸਤੂ ਦੀ ਕੀਮਤ ਦਾ ਉਸ ਵਸਤੂ ਦੀ ਕੀਤੀ ਜਾਣ ਵਾਲੀ ਮੰਗ ਦੇ ਨਾਲ ਵਿਪਰੀਤ ਸਬੰਧ ਹੁੰਦਾ ਹੈ।
ਮੰਗ ਦੇ ਕਾਨੂੰਨ ਨੂੰ ਹੇਠ ਦਿੱਤੀ ਗਈ ਮੰਗ ਤਾਲਿਕਾ ਦੀ ਸਹਾਇਤਾ ਨਾਲ ਸਮਝਾਇਆ ਜਾ ਸਕਦਾ ਹੈ।

| Price of Commodity X (Rs) | Quantity Demanded of X (units) |
|---|---|
| 5 | 100 |
| 10 | 75 |
| 15 | 50 |
| 20 | 25 |

ਤਾਲਿਕਾ ਤੋਂ ਪਤਾ ਲਗਦਾ ਹੈ ਕਿ ਜਿਉਂ ਜਿਉਂ ਵਸਤੂ-X ਦੀ ਕੀਮਤ 5 ਰੁਪਏ ਤੋਂ 10 ਰੁਪਏ ਹੋ ਜਾਂਦੀ ਹੈ, ਵਸਤੂ ਦੀ ਕੀਤੀ ਗਈ ਮੰਗ 100 ਯੂਨਿਟ ਤੋਂ 75 ਯੂਨਿਟ ਤੱਕ ਆ ਜਾਂਦੀ ਹੈ। ਇਸ ਤਰ੍ਹਾਂ, ਮੰਗ ਅਤੇ ਕੀਮਤ ਦੇ ਵਿਚਕਾਰ ਇੱਕ ਨਕਾਰਾਤਮਕ ਸੰਬੰਧ ਹੈ।
ਜੇਕਰ ਅਸੀਂ ਉਪਰੋਕਤ ਤਾਲਿਕਾ ਨੂੰ ਗ੍ਰਾਫ ਪੇਪਰ ਤੇ ਦਿਖਾਉਂਦੇ ਹਾਂ, ਤਾਂ ਇਸ ਨਾਲ ਸਾਨੂੰ ਮੰਗ ਵੱਕਰ ਪ੍ਰਾਪਤ ਹੋ ਸਕਦੀ ਹੈ। ਇਸ ਲਈ X-ਧੁਰੇ ਤੇ ਮੰਗ ਦੀ ਮਾਤਰਾ ਅਤੇ Y-ਧੁਰੇ ਤੇ ਕੀਮਤ ਨੂੰ ਦਿਖਾਇਆ ਗਿਆ ਹੈ। ਕੀਮਤ ਅਤੇ ਮੰਗ ਦੇ ਵੱਖੋ ਵੱਖਰੇ ਸੁਮੇਲ ਵਿਚ ਸ਼ਾਮਲ ਹੋਣ ਨਾਲ, ਸਾਨੂੰ ਇਕ ਕਰਵ DD ਪ੍ਰਾਪਤ ਹੁੰਦੀ ਹੈ, ਇਹ ਵਕਰ ਮੰਗ ਵਕਰ ਹੈ ਜੋ ਕੀਮਤ ਅਤੇ ਮੰਗ ਦੇ ਵਿਚਕਾਰ ਉਲਟਾ ਸੰਬੰਧ ਦਰਸਾਉਂਦਾ ਹੈ।




**ਮੰਗ ਦੇ ਨਿਯਮ ਦੀਆਂ ਮਾਨਤਾਵਾਂ**: ਮੰਗ ਦਾ ਨਿਯਮ ਕੁਝ ਖਾਸ ਮਾਨਤਾਵਾਂ 'ਤੇ ਅਧਾਰਤ ਹੈ ਜਿਨ੍ਹਾਂ ਨੂੰ ਹੇਠਾਂ ਸਮਝਾਇਆ ਗਿਆ ਹੈ:

**1.** ਇਹ ਮੰਨਦਾ ਹੈ ਕਿ ਉਪਭੋਗਤਾ ਦੀ ਆਮਦਨ ਸਥਿਰ ਰਹਿੰਦੀ ਹੈ। ਜੇ ਕਿਸੇ ਵਿਅਕਤੀ ਦੀ ਆਮਦਨੀ ਵਧਦੀ ਹੈ, ਤਾਂ ਉਸ ਦੁਆਰਾ ਉਤਪਾਦਾਂ ਦੀ ਮੰਗ ਵੀ ਵਧ ਜਾਂਦੀ ਹੈ, ਜੋ ਕਿ ਮੰਗ ਦੇ ਨਿਯਮ ਦੇ ਵਿਰੁੱਧ ਹੈ। ਇਸ ਲਈ, ਉਪਭੋਗਤਾਂ ਦੀ ਆਮਦਨੀ ਨਹੀਂ ਬਦਲਣੀ ਚਾਹੀਦੀ।

**2.** ਇਹ ਮੰਨਦਾ ਹੈ ਕਿ ਉਪਭੋਗਤਾ ਦੀਆਂ ਤਰਜੀਹਾਂ ਇਕੋ ਜਿਹੀ ਰਹਿੰਦੀਆਂ ਹਨ।

**3.** ਇਹ ਮੰਨਦਾ ਹੈ ਕਿ ਫੈਸ਼ਨ ਕੋਈ ਤਬਦੀਲੀ ਨਹੀਂ ਦਿਖਾਉਂਦਾ, ਕਿਉਂਕਿ ਜੇ ਫੈਸ਼ਨ ਬਦਲਦਾ ਹੈ, ਤਾਂ ਲੋਕ ਉਨ੍ਹਾਂ ਉਤਪਾਦਾਂ ਨੂੰ ਨਹੀਂ ਖਰੀਦਣਗੇ ਜੋ ਫੈਸ਼ਨ ਤੋਂ ਬਾਹਰ ਹਨ।

**4.** ਇਹ ਮੰਨਦਾ ਹੈ ਕਿ ਅਬਾਦੀ ਦੇ ਉਮਰ ਢਾਂਚੇ, ਆਕਾਰ ਅਤੇ ਲਿੰਗ ਅਨੁਪਾਤ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਏਗੀ। ਇਹ ਇਸ ਲਈ ਹੈ ਕਿਉਂਕਿ ਜੇ ਆਬਾਦੀ ਦਾ ਆਕਾਰ ਵਧਦਾ ਹੈ, ਤਾਂ ਖਰੀਦਦਾਰਾਂ ਦੀ ਗਿਣਤੀ ਵਧਦੀ ਹੈ, ਜੋ ਬਦਲੇ ਵਿਚ ਸਿੱਧੇ ਤੌਰ 'ਤੇ ਉਤਪਾਦ ਦੀ ਮੰਗ ਨੂੰ ਪ੍ਰਭਾਵਤ ਕਰਦੀ ਹੈ।

**5.** ਇਹ ਬਾਜ਼ਾਰ ਵਿਚ ਨਵੀਨਤਾਵਾਂ ਅਤੇ ਉਤਪਾਦਾਂ ਦੀਆਂ ਨਵ-ਕਿਸਮਾਂ ਤੇ ਪਾਬੰਦੀ ਲਗਾਉਂਦਾ ਹੈ, ਜੋ ਕਿ ਮੌਜੂਦਾ ਉਤਪਾਦ ਦੀ ਮੰਗ ਨੂੰ ਪ੍ਰਭਾਵਤ ਕਰ ਸਕਦਾ ਹੈ।

**6.** ਇਹ ਆਮਦਨੀ ਦੀ ਵੰਡ ਵਿਚ ਤਬਦੀਲੀਆਂ ਤੇ ਪਾਬੰਦੀ ਲਗਾਉਂਦਾ ਹੈ।

**7.** ਇਹ ਕਿਸੇ ਰਾਸ਼ਟਰ ਦੀ ਸਰਕਾਰ ਦੀਆਂ ਕਿਸੇ ਵੀ ਕਿਸਮ ਦੀਆਂ ਵਿੱਤੀ ਨੀਤੀਆਂ ਵਿੱਚ ਤਬਦੀਲੀਆਂ ਤੋਂ ਪ੍ਰਹੇਜ ਕਰਦਾ ਹੈ, ਜੋ ਉਤਪਾਦਾਂ ਦੀ ਮੰਗ 'ਤੇ ਟੈਕਸ ਲਗਾਉਣ ਦੇ ਪ੍ਰਭਾਵ ਨੂੰ ਘਟਾਉਂਦਾ ਹੈ।

ਪ੍ਰਸ਼ਨ : ਇਕ ਵਸਤੂ ਦੀ ਕੀਮਤ ₹4 ਪ੍ਰਤੀ ਇਕਾਈ ਤੋਂ ਵੱਧ ਕੇ ₹5 ਪ੍ਰਤੀ ਇਕਾਈ ਅਤੇ ਮੰਗ ਕੀਤੀ ਗਈ ਮਾਤਰਾ 20 ਇਕਾਈਆਂ ਤੋਂ ਘੱਟ ਕੇ 10 ਇਕਾਈਆਂ ਰਹਿ ਜਾਂਦੀ ਹੈ। ਮੰਗ ਦੀ ਕੀਮਤ ਲੋਚ ਪਤਾ ਕਰੋ।

ਉੱਤਰ: ਦਿੱਤਾ ਗਿਆ: $P = ₹\ 4$, $P_1 = ₹\ 5$, $\Delta P = P_1 - P = ₹\ 5 - ₹\ 4 = ₹\ 1$

$Q = 20$ ਇਕਾਈਆਂ, $Q_1 = 10$ ਇਕਾਈਆਂ, $\Delta Q = Q1 - Q = 10 - 20 = -10$ ਇਕਾਈਆਂ

$$Ed = (-)\frac{P}{Q} \text{ x } \frac{\Delta Q}{\Delta P}$$

$$Ed = (-)\frac{4}{20} \text{ x } \frac{-10}{1}$$

$$Ed = 2$$

$$(Ed > 1)$$

ਪ੍ਰਸ਼ਨ : ਇੱਕ ਵਸਤੂ ਦੀ ₹5 ਕੀਮਤ 'ਤੇ 60 ਇਕਾਈਆਂ ਦੀ ਮੰਗ ਕੀਤੀ ਜਾਂਦੀ ਹੈ। ਜੇਕਰ ਕੀਮਤ ਵੱਧ ਕੇ ₹10 ਹੋ ਜਾਏ ਅਤੇ ਮੰਗ ਘੱਟ ਕੇ 20 ਇਕਾਈਆਂ ਰਹਿ ਜਾਏ ਤਾਂ ਮੰਗ ਦੀ ਕੀਮਤ ਲੋਚ ਪਤਾ ਕਰੋ।

ਉੱਤਰ: ਦਿੱਤੇ $P = ₹\ 5$, $P_1 = ₹\ 10$, $\Delta P = P_1 - P = ₹\ 10 - ₹\ 5 = ₹\ 5$

$Q = 60$ ਇਕਾਈਆਂ, $Q_1 = 20$ ਇਕਾਈਆਂ, $\Delta Q = Q_1 - Q\ (20 - 60) = (-)\ 40$ ਇਕਾਈਆਂ

$$Ed = (-)\frac{P}{Q} \text{ x } \frac{\Delta Q}{\Delta P}$$

$$= (-)\frac{5}{60} \text{ x } \frac{-40}{5}$$

$$= 0.67$$

$$(Ed<1)$$

**ਪ੍ਰਸ਼ਨ: ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਤੋਂ ਕੀ ਭਾਵ ਹੈ? ਇਸ ਦੀਆਂ ਮਾਨਤਾਵਾਂ ਅਤੇ ਉਤਪਾਦਨ ਅਵਸਥਾਵਾਂ ਦਾ ਵਰਣਨ ਕਰੋ।**

**ਉੱਤਰ:** ਪਰਿਵਰਤਨਸ਼ੀਲ ਅਨੁਪਾਤ ਦਾ ਕਾਨੂੰਨ ਕਹਿੰਦਾ ਹੈ ਕਿ ਜੇ ਵੱਧ ਤੋਂ ਵੱਧ ਪਰਿਵਰਤਨਸ਼ੀਲ ਕਾਰਕ (ਕਿਰਤ) ਨੂੰ ਇਕੋ ਮਾਤਰਾ ਵਿਚ ਸਥਿਰ ਸਾਧਨ (ਪੂੰਜੀ) ਨਾਲ ਜੋੜ ਦਿੱਤਾ ਜਾਂਦਾ ਹੈ, ਤਾਂ ਸ਼ੁਰੂਆਤ ਵਿਚ ਕੁਲ ਉਤਪਾਦ ਵਧੇਗਾ ਪਰ ਹੌਲੀ ਹੌਲੀ ਇਕ ਬਿੰਦੂ ਤੋਂ ਬਾਅਦ, ਕੁਲ ਉਤਪਾਦ ਘੱਟਣਾ ਸ਼ੁਰੂ ਹੋ ਜਾਵੇਗਾ.

**ਘੱਟਦੇ ਸੀਮਾਂਤ ਪ੍ਰਤੀਫਲ ਦਾ ਨਿਯਮ**

ਘੱਟਦੇ ਸੀਮਾਂਤ ਪ੍ਰਤੀਫਲ ਦੇ ਨਿਯਮ ਅਨੁਸਾਰ, ਜੇ ਸਥਿਰ ਸਾਧਨ ਦੀ ਇੱਕ ਨਿਸ਼ਚਿਤ ਮਾਤਰਾ ਦੇ ਨਾਲ ਜੇਕਰ ਪਰਿਵਰਤਨਸ਼ੀਲ ਸਾਧਨ ਦੀ ਮਾਤਰਾ ਨੂੰ ਲਗਾਤਾਰ ਵਧਾਇਆ ਗਿਆ, ਤਾਂ ਇੱਕ ਬਿੰਦੂ ਤੋਂ ਬਾਦ ਅਜਿਹੀ ਸਥਿਤੀ ਆ ਜਾਵੇਗੀ ਕਿ ਪਰਿਵਰਤਨਸ਼ੀਲ ਸਾਧਨ ਦਾ ਸੀਮਾਂਤ ਉਤਪਾਦਨ ਘੱਟਣਾ ਸ਼ੁਰੂ ਹੋ ਜਾਵੇਗਾ ਅਤੇ ਇੱਕ ਬਿੰਦੂ ਤੇ ਇਹ ਸਿਫਰ ਹੋ ਜਾਵੇਗਾ ਅਤੇ ਉਸ ਤੋਂ ਬਾਦ ਰਿਣਾਤਮਕ ਹੋ ਜਾਵੇਗਾ।

**ਨੋਟ**: ਉਪਰੋਕਤ ਦੋਵੇਂ ਕਾਨੂੰਨ ਇਕੋ ਧਾਰਨਾ ਦੀ ਵਿਆਖਿਆ ਕਰਦੇ ਹਨ ਪਰ ਦੋ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਦੇ ਨਾਲ। ਜਦੋਂ ਕਿ ਪਰਿਵਰਤਨਸ਼ੀਲ ਅਨੁਪਾਤ ਦਾ ਨਿਯਮ ਇਕ ਫਰਮ ਦੇ ਕੁਲ ਉਤਪਾਦ 'ਤੇ ਅਧਾਰਤ ਹੁੰਦਾ ਹੈ, ਜਦਕਿ, ਘੱਟਦੇ ਸੀਮਾਂਤ ਪ੍ਰਤੀਫਲ ਦਾ ਨਿਯਮ ਇੱਕ ਫਰਮ ਦੇ ਸਿਰਫ ਸੀਮਾਂਤ ਉਤਪਾਦਨ ਦੀ ਧਾਰਨਾ ਤੇ ਅਧਾਰਿਤ ਹੁੰਦਾ ਹੈ।

**ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀਆਂ ਮਾਨਤਾਵਾਂ**

**1.** ਤਕਨੀਕ ਦਾ ਪੱਧਰ ਸਥਿਰ ਬਣਿਆ ਰਹਿੰਦਾ ਹੈ

**2.** ਪਰਿਵਰਤਨਸ਼ੀਲ ਸਾਧਨ ਦੀਆਂ ਸਾਰੀਆਂ ਇਕਾਈਆਂ ਸਮਰੂਪ ਹਨ। ਇਸ ਤੋਂ ਭਾਵ ਹੈ ਕਿ ਸਾਰੀਆਂ ਕਿਰਤ ਇਕਾਈਆਂ ਬਰਾਬਰ ਲਾਭਕਾਰੀ ਹਨ.

**3.** ਇੱਕ ਸਮੇਂ ਤੇ ਸਿਰਫ ਇੱਕ ਹੀ ਸਾਧਨ ਵਿੱਚ ਬਦਲਾਅ ਕੀਤਾ ਜਾ ਸਕਦਾ ਹੈ ਅਤੇ ਉਤਪਾਦਨ ਦੇ ਬਾਕੀ ਸਾਧਨ ਸਥਿਰ ਰਹਿੰਦੇ ਹਨ।


**4.** ਸਾਧਨਾਂ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ ਜਿਵੇਂ ਕਿ ਮਜ਼ਦੂਰੀ (ਕਿਰਤ ਦੀ ਕੀਮਤ) ਅਤੇ ਵਿਆਜ (ਪੂੰਜੀ ਦੀ ਕੀਮਤ) ਇਕੋ ਜਿਹੇ ਰਹਿੰਦੇ ਹਨ.

**5.** ਇਹ ਮੰਨਿਆ ਜਾਂਦਾ ਹੈ ਕਿ ਜਿਸ ਅਨੁਪਾਤ ਵਿੱਚ ਸਾਧਨਾਂ ਵਿੱਚ ਵਾਧਾ ਕੀਤਾ ਜਾਂਦਾ ਹੈ, ਉਤਪਾਦਨ ਵਿੱਚ ਹੋਣ ਵਾਲਾ ਵਾਧਾ ਉਸ ਤੋਂ ਵੱਖ ਅਨੁਪਾਤ ਵਿੱਚ ਹੋ ਸਕਦਾ ਹੈ।ਉਦਾਹਰਣ ਦੇ ਲਈ, ਜੇਕਰ ਉਤਪਾਦਨ ਦੀਆਂ 10 ਇਕਾਈਆਂ ਪੈਦਾ ਕਰਨ ਲਈ ਮਜ਼ਦੂਰਾਂ ਦੀਆਂ 3 ਇਕਾਈਆਂ ਅਤੇ ਪੂੰਜੀ ਦੀ 1 ਇਕਾਈ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਉਤਪਾਦਨ ਦੀਆਂ 15 ਇਕਾਈਆਂ ਪੈਦਾ ਕਰਨ ਲਈ ਮਜ਼ਦੂਰਾਂ ਦੀਆਂ 5 ਇਕਾਈਆਂ ਅਤੇ ਪੂੰਜੀ ਦੀ 1 ਇਕਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਹਿਲੀ ਉਦਾਹਰਨ ਵਿੱਚ ਕਿਰਤ-ਪੂੰਜੀ ਅਨੁਪਾਤ 3:1 ਹੈ, ਜਦਕਿ ਦੂਜੀ ਵਿੱਚ 5:1 ਹੈ।

**ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਵਿਆਖਿਆ**

ਇਸ ਨਿਯਮ ਦੀ ਵਿਆਖਿਆ ਹੇਠਾਂ ਦਿੱਤੀ ਗਈ ਤਾਲਿਕਾ ਅਤੇ ਰੇਖਾਚਿੱਤਰ ਦੁਆਰਾ ਕੀਤੀ ਗਈ ਹੈ:

| **ਪੂੰਜੀ ਦੀਆਂ ਇਕਾਈਆਂ** | **ਮਜ਼ਦੂਰਾਂ ਦੀਆਂ ਇਕਾਈਆਂ** | **ਕੁੱਲ ਉਤਪਾਦਨ** | **ਔਸਤ ਉਤਪਾਦਨ** $AP = \frac{\text{Total Product}}{\text{Units of Labour}}$ | **ਸੀਮਾਂਤ ਉਤਪਾਦਨ** $MP = \frac{\Delta TP}{\Delta L}$ |
|---|---|---|---|---|
| 1 | 0 | 0 | 0 | – |
| 1 | 1 | 7 | 7 | 7 |
| 1 | 2 | 18 | 9 | 11 |
| 1 | 3 | 33 | 11 | 15 |
| 1 | 4 | 44 | 11 | 11 |
| 1 | 5 | 48 | 9.6 | 4 |
| 1 | 6 | 51 | 8.5 | 3 |
| 1 | 7 | 51 | 7.4 | 0 |
| 1 | 8 | 49 | 6.1 | –2 |




ਉਤਪਾਦਨ ਦੇ ਪੂਰੇ ਪੜਾਅ ਨੂੰ ਤਿੰਨ ਵੱਖ ਵੱਖ ਉਤਪਾਦਨ ਪੜਾਵਾਂ ਵਿੱਚ ਪਛਾਣਿਆ ਜਾ ਸਕਦਾ ਹੈ.

**ਪਹਿਲੀ ਅਵਸਥਾ: ਉਤਪਾਦਨ ਦੇ ਵੱਧਦੇ ਪ੍ਰਤੀਫਲ**

ਇਹ ਅਵਸਥਾ ਆਰੰਭਕ ਬਿੰਦ' O ਤੋਂ ਅਰੰਭ ਹੁੰਦੀ ਹੈ ਅਤੇ ਕੁੱਲ਼ ਉਤਪਾਦਨ ਵੱਕਰ ਬਿੰਦੂ K ਤੱਕ ਵਧਣਾ ਜਾਰੀ ਰੱਖਦੀ ਹੈ।ਇਸ ਪੜਾਅ ਦੇ ਦੌਰਾਨ, ਕੁੱਲ ਉਤਪਾਦਨ ਵੱਕਰ ਵੱਧਦੀ ਦਰ ਤੇ ਵੱਧਦੀ ਹੈ ਅਤੇ ਸੀਮਾਂਤ ਉਤਪਾਦਨ ਵੱਕਟ ਦੇ ਵਧਣ ਦੇ ਨਾਲ (ਚਿੱਤਰ ਵਿੱਚ). ਸੀਮਾਂਤ ਉਤਪਾਦਨ ਵੱਕਰ ਆਪਣੇ ਵੱਧ ਤੋਂ ਵੱਧ ਪੁਆਇੰਟ (U) ਨੂੰ ਪ੍ਰਾਪਤ ਕਰਦਾ ਹੈ। ਇਸ ਸਾਰੇ ਪੜਾਅ ਦੇ ਦੌਰਾਨ, ਔਸਤ ਉਤਪਾਦਨ ਵੱਕਰ ਦਾ ਵਾਧਾ ਜਾਰੀ ਰਹਿੰਦਾ ਹੈ।

**ਦੂਜੀ ਅਵਸਥਾ: ਸਾਧਨ ਦੇ ਘੱਟਦੇ ਪ੍ਰਤੀਫਲ**

ਇਸ ਅਵਸਥਾ ਕੁੱਲ ਉਤਪਾਦਨ ਵੱਕਰ ਵਿੱਚ ਬਿੰਦੂ K ਤੋਂ B ਤੱਕ ਚੱਲਦੀ ਹੈ। ਇਹ ਪੜਾਅ ਵਿੱਚ ਕੁੱਲ ਉਤਪਾਦਨ ਵੱਕਰ ਆਪਣਾ ਵੱਧਣਾ ਜਾਰੀ ਰੱਖਦੀ ਹੈ ਅਤੇ ਬਿੰਦੂ B ਤੇ ਆਪਣੇ ਅਧਿਕਤਮ ਬਿੰਦੂ ਤੇ ਪਹੁੰਚ ਜਾਂਦੀ ਹੈ, ਜਿੱਥੇ ਇਹ ਸਥਿਰ ਰਹਿੰਦੀ ਹੈ. ਦੂਜੇ ਪਾਸੇ, ਸੀਮਾਂਤ ਉਤਪਾਦਨ ਵੱਕਰ ਦਾ ਦਿੱਗਣਾ ਜ਼ਾਰੀ ਰਹਿੰਦਾ ਹੈ ਅਤੇ ਇਹ ਔਸਤ ਉਤਪਾਦਨ ਵਕਰ ਨੂੰ ਉਸ ਦੇ ਅਧਿਕਤਮ ਬਿੰਦੂ Z ਤੇ ਕੱਟ ਦਿੰਦਾ ਹੈ ਅਤੇ ਇਸ ਬਿੰਦੂ ਤੇ ਔਸਤ ਉਤਪਾਦਨ ਅਤੇ ਸੀਮਾਂਤ ਉਤਪਾਦਨ ਬਰਾਬਰ ਹਨ। ਜਦੋਂ ਕੁੱਲ ਉਤਪਾਦਨ ਆਪਣੇ ਵੱਧ ਤੋਂ ਵੱਧ ਬਿੰਦੂ ਨੂੰ ਪ੍ਰਾਪਤ ਕਰ ਲੈਂਦਾ ਹੈ, ਇਸਦੇ ਅਨੁਸਾਰ, ਸੀਮਾਂਤ ਉਤਪਾਦਨ ਸਿਫ਼ਰ ਹੋ ਜਾਂਦਾ ਹੈ। ਔਸਤ ਉਤਪਾਦਨ, ਇਸ ਪੜਾਅ ਵਿਚ ਸ਼ੁਰੂ ਵਿਚ ਚੜ੍ਹਦਾ ਹੈ, Z ਬਿੰਦੂ 'ਤੇ ਆਪਣੇ ਵੱਧ ਤੋਂ ਵੱਧ ਬਿੰਦੂ ਨੂੰ ਪ੍ਰਾਪਤ ਕਰਦਾ ਹੈ ਅਤੇ ਇਸ ਤੋਂ ਬਾਅਦ ਡਿੱਗਣਾ ਸ਼ੁਰੂ ਹੁੰਦਾ ਹੈ.

**ਤੀਜੀ ਅਵਸਥਾ: ਸਾਧਨ ਦੇ ਰਿਣਾਤਮਕ ਪ੍ਰਤੀਫਲ**

ਇਹ ਅਵਸਥਾ ਕੁੱਲ ਉਤਪਾਦਨ ਵੱਕਰ ਦੇ ਬਿੰਦੂ B ਤੋਂ ਸ਼ੁਰੂ ਹੁੰਦੀ ਹੈ. ਇਸ ਦੇ ਦੌਰਾਨ, ਕੁੱਲ ਉਤਪਾਦਨ ਵੱਕਰ ਡਿੱਗ ਰਿਹਾ ਹੈ ਅਤੇ ਸੀਮਾਂਤ ਉਤਪਾਦਨ ਵੱਕਰ ਨਕਾਰਾਤਮਕ ਹੈ। ਇਸਦੇ ਨਾਲ ਹੀ, ਔਸਤ ਉਤਪਾਦਨ ਵੱਕਰ ਡਿੱਗਣਾ ਜਾਰੀ ਰੱਖਦਾ ਹੈ ਅਤੇ X-ਧੁਰੇ ਤੱਕ ਪਹੁੰਚਦਾ ਹੈ (ਪਰ ਇਸਨੂੰ ਛੂਹਦਾ ਨਹੀਂ ਹੈ)। ਪਹਿਲੇ ਪੜਾਅ ਦੀ ਤਰ੍ਹਾਂ, ਇਸ ਪੜਾਅ ਨੂੰ ਗੈਰ ਆਰਥਿਕ ਜ਼ੋਨ ਕਿਹਾ ਜਾਂਦਾ ਹੈ ਕਿਉਂਕਿ ਕੋਈ ਵੀ ਤਰਕਸ਼ੀਲ ਉਤਪਾਦਕ ਇਸ ਜ਼ੋਨ ਵਿੱਚ ਕੰਮ ਨਹੀਂ ਕਰੇਗਾ। ਇਹ ਇਸ ਲਈ ਕਿਉਂਕਿ ਮਜ਼ਦੂਰਾਂ ਦੀ ਵਾਧੂ ਇਕਾਈ ਦੁਆਰਾ ਕੁੱਲ ਉਤਪਾਦਨ ਵਿੱਚ ਕਮੀ ਕੀਤੀ ਜਾ ਰਹੀ ਹੈ। ਇਸ ਦਾ ਅਰਥ ਹੈ ਕਿ ਵਧੇਰੇ ਕਿਰਤ ਨੂੰ ਰੁਜ਼ਗਾਰ ਦੇਣ ਨਾਲ ਕੁੱਲ ਉਤਪਾਦ ਵਿਚ ਕੁਝ ਵੀ ਯੋਗਦਾਨ ਨਹੀਂ ਹੁੰਦਾ ਪਰ ਵਾਧੂ ਤਨਖਾਹ ਦੇ ਰੂਪ ਵਿਚ ਉਤਪਾਦਨ ਦੀ ਲਾਗਤ ਵਿਚ ਵਾਧਾ ਹੋਵੇਗਾ।

**ਪ੍ਰਸ਼ਨ: ਔਸਤ ਲਾਗਤ ਵੱਕਰ U ਆਕਾਰ ਦੀ ਕਿਉਂ ਹੁੰਦੀ ਹੈ ?**

**ਉੱਤਰ:** ਔਸਤ ਲਾਗਤ ਵੱਕਰ U ਆਕਾਰ ਦੀ ਵਿਆਖੀਆ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ :-

ਔਸਤ ਸਥਿਰ ਲਾਗਤ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦਾ ਅਧਾਰ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਔਸਤ ਲਾਗਤ, ਔਸਤ ਸਥਿਰ ਲਾਗਤ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦਾ ਜੋੜ ਹੁੰਦੀ ਹੈ । ਉਤਪਾਦਨ ਦੀ ਸ਼ੁਰੂਆਤੀ ਅਵਸਥਾ ਵਿੱਚ ਔਸਤ ਸਥਿਰ ਲਾਗਤ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦੋਵੇਂ ਘੱਟਦੀਆਂ ਹਨ, ਜਿਸ ਕਰਕੇ ਔਸਤ ਲਾਗਤ ਵੀ ਘੱਟਦੀ ਹੈ ਅਤੇ ਇਸ ਦੀ ਢਲਾਣ ਹੇਠਾਂ ਵੱਲ ਹੁੰਦੀ ਹੈ । ਉਸ ਤੋਂ ਬਾਅਦ ਔਸਤ ਸਥਿਰ ਲਾਗਤ ਤਾਂ ਘੱਟਦੀ ਰਹਿੰਦੀ ਹੈ, ਪਰ ਔਸਤ ਪਰਿਵਰਤਨਸ਼ੀਲ ਲਾਗਤ ਵੱਧਣਾ ਸ਼ੁਰੂ ਕਰ ਦਿੰਦੀ ਹੈ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦਾ ਵੱਧਣਾ, ਔਸਤ ਸਥਿਰ ਲਾਗਤ ਦੇ ਘੱਟਣ ਨਾਲੋਂ ਵੱਧ ਹੁੰਦਾ ਹੈ, ਇਸ ਲਈ ਔਸਤ ਲਾਗਤ ਵੱਧਣਾ ਸ਼ੁਰੂ ਕਰ ਦਿੰਦੀ ਹੈ ਅਤੇ ਇਸ ਦੀ ਢਲਾਣ ਉੱਪਰ ਵੱਲ ਉੱਠ ਜਾਂਦੀ ਹੈ । ਜਿਸ ਕਰਕੇ ਇਸ ਦਾ ਆਕਾਰ ਅੰਗਰੇਜ਼ੀ ਦੇ ਅੱਖਰ U ਵਰਗਾ ਹੋ ਜਾਂਦਾ ਹੈ ।


**ਬੱਚਤਾਂ ਅਤੇ ਹਾਨੀਆਂ ਦਾ ਅਧਾਰ :** ਉਤਪਾਦਨ ਦੀ ਅੰਰਭਿਕ ਅਵਸਥਾ ਵਿੱਚ ਇਕ ਉਤਪਾਦਕ ਨੂੰ ਮਿਲਣ ਵਾਲੀਆਂ ਬੱਚਤਾਂ, ਉਸ ਨੂੰ ਮਿਲਣ ਵਾਲੀਆਂ ਹਾਨੀਆਂ ਨਾਲੋਂ ਵੱਧ ਹੁੰਦੀਆਂ ਹਨ, ਜਿਸ ਨਾਲ ਉਸਨੂੰ ਲਾਭ ਪ੍ਰਾਪਤ ਹੁੰਦੇ ਹਨ ਅਤੇ ਔਸਤ ਲਾਗਤ ਘੱਟਦੀ ਹੈ । ਇਕ ਸਥਿਤੀ ਤੋਂ ਬਾਅਦ ਉਤਪਾਦਕ ਨੂੰ ਪ੍ਰਾਪਤ ਹੋਣ ਵਾਲੀਆਂ ਹਾਨੀਆਂ, ਉਸਨੂੰ ਮਿਲਣ ਵਾਲੀਆਂ ਬੱਚਤਾਂ ਤੋਂ ਵੱਧ ਜਾਂਦੀਆਂ ਹਨ , ਜਿਸ ਕਰਕੇ ਉਸਨੂੰ ਹਾਨੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਔਸਤ ਲਾਗਤ ਵੱਧਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਦੀ ਢਲਾਣ ਉੱਪਰ ਵੱਲ ਉੱਠ ਜਾਂਦੀ ਹੈ । ਜਿਸ ਕਰਕੇ ਇਸਦਾ ਅਕਾਰ ਅੰਗਰੇਜ਼ੀ ਦੇ ਅੱਖਰ U ਵਰਗਾ ਹੋ ਜਾਂਦਾ ਹੈ ।

**ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦਾ ਅਧਾਰ :** ਪਰਿਵਤਨਸ਼ੀਲ ਅਨੁਪਾਤ ਦੇ ਨਿਯਮ ਵਿੱਚ ਪਹਿਲਾਂ ਵੱਧਦੇ ਪ੍ਰਤੀਫਲ ਪ੍ਰਾਪਤ ਹੁੰਦੇ ਹਨ ਭਾਵ ਸੀਮਾਂਤ ਉਤਪਾਦਨ ਵੱਧਦਾ ਹੈ । ਜਿਸ ਕਰਕੇ ਔਸਤ ਅਤੇ ਸੀਮਾਂਤ ਲਾਗਤ ਘੱਟਦੇ ਹਨ। ਇਸ ਤੋਂ ਬਾਅਦ ਘੱਟਦੇ ਪ੍ਰਤੀਫਲ ਦੀ ਅਵਸਥਾ ਸ਼ੁਰੂ ਹੋ ਜਾਂਦੀ ਹੈ, ਜਿਸ ਕਰਕੇ ਔਸਤ ਅਤੇ ਸੀਮਾਂਤ ਲਾਗਤ ਵੱਧਦੇ ਹਨ ਅਤੇ ਇਸ ਦੀ ਢਲਾਣ ਉੱਪਰ ਵੱਲ ਉੱਠ ਜਾਂਦੀ ਹੈ । ਜਿਸ ਕਰਕੇ ਇਸ ਦਾ ਅਕਾਰ ਅੰਗਰੇਜ਼ੀ ਦੇ ਅੱਖਰ U ਵਰਗਾ ਹੋ ਜਾਂਦਾ ਹੈ ।

ਇਸ ਕਾਰਨ ਇਸ ਲਾਗਤ ਵੱਕਰ U ਅਕਾਰ ਦੀ ਹੰਦੀ ਹੈ ।

**ਪ੍ਰਸ਼ਨ: ਔਸਤ ਲਾਗਤ ਅਤੇ ਸੀਮਾਂਤ ਲਾਗਤ ਦੇ ਸੰਬੰਧ ਦੀ ਵਿਆਖਿਆ ਕਰੋ ।**

**ਉੱਤਰ**: ਔਸਤ ਅਤੇ ਸੀਮਾਂਤ ਲਾਗਤ ਦੇ ਵਿੱਚ ਸੰਬੰਧ ਦੇ ਸੰਦਰਭ ਵਿੱਚ ਹੇਠ ਲਿਖੇ ਅਵਲੋਕਨ ਪ੍ਰਦਾਨ ਕਰਦੇ ਹਨ :




1. **ਜੱਦ ਔਸਤ ਲਾਗਤ ਘੱਟਦੀ ਹੈ ਤੱਦ ਸੀਮਾਂਤ ਲਾਗਤ ਔਸਤ ਲਾਗਤ ਤੋਂ ਘੱਟ ਹੁੰਦੀ ਹੈ (When AC falls, MC is lower than AC)**: ਔਸਤ ਲਾਗਤ ਦੇ ਘੱਟਣ ਤੇ ਸੀਮਾਂਤ ਲਾਗਤ ਵੀ ਘੱਟਦੀ ਜਾਂਦੀ ਹੈ । ਚਿੱਤਰ ਤੋਂ ਗਿਆਤ ਹੁੰਦਾ ਹੈ ਕਿ AC ਬਿੰਦੂ E ਤੱਕ ਡਿਗਦਾ ਜਾ ਰਿਹਾ ਹੈ ਅਤੇ MC ਵਿੱਤੀ ਹਾਲਤ ਵਿੱਚ AC ਵੱਕਰ ਦੇ ਹੇਠਾਂ ਹੈ । ਇਸ ਦਸ਼ਾ ਵਿਚ ਸੀਮਾਂਤ ਲਾਗਤ, ਔਸਤ ਲਾਗਤ ਦੀ ਤੁਲਨਾ ਵਿੱਚ ਵੱਧ ਤੇਜ਼ੀ ਨਾਲ ਘੱਟ ਹੁੰਦੀ ਹੈ । ਇਹੀ ਕਾਰਣ ਹੈ ਸੀਮਾਂਤ ਲਾਗਤ ( MC) ਵੱਕਰ ਹੇਠਾਂ ਡਿੱਗਦਾ ਹੈ ਤਾਂ ਇਹ ਔਸਤ ਲਾਗਤ (AC) ਵੱਕਰ ਤੋਂ ਥੱਲੇ ਹੁੰਦਾ ਹੈ । ਜਿਵੇਂ ਚਿੱਤਰ ਵਿੱਚ ਵਿਆਖਿਆ ਗਿਆ ਹੈ ।
2. **ਜੱਦ ਔਸਤ ਲਾਗਤ ਵੱਧਦੀ ਹੈ ਤਾਂ ਸੀਮਾਂਤ ਲਾਗਤ ਔਸਤ ਲਾਗਤ ਤੋਂ ਵੱਧ ਹੁੰਦੀ ਹੈ (When AC rises, MC is greater than AC)** : ਜਦੋਂ ਔਸਤ ਲਾਗਤ ਵਧਣਾ ਸ਼ੁਰੂ ਹੁੰਦੀ ਹੈ ਤਾਂ ਸੀਮਾਂਤ ਲਾਗਤ ਉਸਤੋਂ ਵੱਧ ਹੁੰਦੀ ਹੈ । ਬਿੰਦੂ E ਤੋਂ AC ਨੇ ਉਪਰ ਉਠਣਾ ਸ਼ੁਰੂ ਕੀਤਾ ਹੈ ਅਤੇ ਬਿੰਦੂ ਤੋਂ E ਤੋਂ ਬਾਅਦ MC ਵੱਕਰ AC ਵੱਕਰ ਤੋਂ ਉਪਰ ਹੈ ।
3. **ਸੀਮਾਂਤ ਲਾਗਤ ਵੱਕਰ ਔਸਤ ਲਾਗਤ ਵੱਕਰ ਨੂੰ ਨਿਊਨਤਮ ਬਿੰਦੂ ਤੇ ਕੱਟਦੀ ਹੈ (MC cuts AC at its lowest point)**: ਜੱਦ ਔਸਤ ਲਾਗਤ ਨਿਊਨਤਮ ਹੁੰਦੀ ਹੈ ਤੱਦ MC = AC ਚਿੱਤਰ ਤੋਂ ਗਿਆਤ ਹੁੰਦਾ ਹੈ ਕਿ MC ਵੱਕਰ AC ਵੱਕਰ ਨੂੰ ਉਸਦੇ ਨਿਊਨਤਮ ਬਿੰਦੂ E ਤੇ ਕੱਟ ਰਿਹਾ ਹੈ ।

**ਪ੍ਰਸ਼ਨ: ਪੂਰਤੀ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਤੱਤਾਂ ਦਾ ਵਰਣਨ ਕਰੋ।**

**ਉੱਤਰ**: ਕਿਸੇ ਵਸਤੂ ਦੀ ਪੂਰਤੀ ਉਸ ਵਸਤੂ ਦੀ ਕੀਮਤ ਤੋਂ ਇਲਾਵਾ ਵੱਖ -ਵੱਖ ਪਰਿਵਰਤਨਾਂ 'ਤੇ ਨਿਰਭਰ ਕਰਦੀ ਹੈ। ਇਹਨਾਂ ਚਰਾਂ ਅਤੇ ਕਿਸੇ ਵਸਤੂ ਦੀ ਪੂਰਤੀ ਦੇ ਵਿਚਕਾਰ ਸੰਬੰਧ ਨੂੰ ਇੱਕ ਕਾਰਜਸ਼ੀਲ ਰੂਪ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ ਜਿਸਨੂੰ ਪੂਰਤੀ ਫਲਨ ਕਿਹਾ ਜਾਂਦਾ ਹੈ।

**1. ਵਸਤੂ ਦੀ ਕੀਮਤ**- ਹੋਰ ਤੱਤਾਂ ਦੇ ਸਥਿਰ ਰਹਿਣ ਤੇ, ਉੱਚ ਕੀਮਤਾਂ ਤੇ ਉਤਪਾਦਕ ਆਪਣੀ ਪੂਰਤੀ ਵਧਾ ਕੇ ਆਪਣੀ ਵਿਕਰੀ ਵਧਾਉਣਾ ਪਸੰਦ ਕਰਦੇ ਹਨ ਅਤੇ ਇਸਦੇ ਉਲਟ ਵਸਤੂ ਦੀ ਕੀਮਤ ਦੇ ਘੱਟ ਹੋਣ ਤੇ ਉਤਪਾਦਕ ਵਸਤੂ ਦੀ ਪੂਰਤੀ ਘੱਟ ਕਰਣਗੇ। ਇਸ ਪ੍ਰਕਾਰ, ਇੱਕ ਵਸਤੂ ਦੀ ਕੀਮਤ ਅਤੇ ਪੂਰਤੀ ਦੇ ਵਿੱਚ ਸਿੱਧਾ ਸੰਬੰਧ ਹੈ।

**2. ਸੰਬੰਧਤ ਵਸਤੂਆਂ ਦੀ ਕੀਮਤ**- ਸਥਾਨਾਪੰਨ ਵਸਤੂ ਦੀ ਕੀਮਤ ਵਿੱਚ ਵਾਧਾ ਇੱਕ ਉਤਪਾਦਕ ਲਈ ਉਨ੍ਹਾਂ ਸਾਮਾਨਾਂ ਦੇ ਉਤਪਾਦਨ ਨੂੰ ਲਾਭਦਾਇਕ ਬਣਾ ਦੇਵੇਗਾ, ਇਸ ਲਈ, ਉਤਪਾਦਕ ਉਨ੍ਹਾਂ ਸਾਮਾਨਾਂ (ਉਪ -ਉਪਕਰਣ) ਦੇ ਉਤਪਾਦਨ ਨੂੰ ਵਧਾਉਣ ਦੀ ਕੋਸ਼ਿਸ਼ ਕਰੇਗਾ। ਇਸ ਨਾਲ ਉਤਪਾਦਕ ਨੂੰ ਹੋਰ ਵਸਤਾਂ ਦੇ ਉਤਪਾਦਨ ਲਈ ਅਲਾਟ ਕੀਤੇ ਜਾਣ ਵਾਲੇ ਸਰੋਤਾਂ ਦੀ ਘੱਟ ਮਾਤਰਾ ਦੇ ਨਾਲ ਛੱਡ ਦਿੱਤਾ ਜਾਵੇਗਾ, ਇਸ ਲਈ, ਦੂਜੇ ਸਾਮਾਨ ਦੀ ਪੂਰਤੀ ਘੱਟ ਜਾਵੇਗੀ। ਉਦਾਹਰਣ ਦੇ ਲਈ, ਜੇ ਕੋਈ ਨਿਰਮਾਤਾ ਚਾਹ ਅਤੇ ਕੌਫੀ ਦੋਵਾਂ ਦਾ ਉਤਪਾਦਨ ਕਰਦਾ ਹੈ ਅਤੇ ਜੇ ਕੌਫੀ ਦੀ ਕੀਮਤ ਵੱਧ ਜਾਂਦੀ ਹੈ, ਤਾਂ ਨਿਰਮਾਤਾ ਕੌਫੀ ਦੇ ਉਤਪਾਦਨ ਲਈ ਵਧੇਰੇ ਉਪਲਬਧ ਸਰੋਤਾਂ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਜੋ ਆਪਣੇ ਆਪ ਚਾਹ ਦਾ ਉਤਪਾਦਨ (ਅਤੇ ਪੂਰਤੀ) ਘਟਾ ਦੇਵੇਗਾ। ਇਸ ਤਰ੍ਹਾਂ, ਸਥਾਨਾਪੰਨ ਵਸਤੂ ਦੀ ਕੀਮਤ ਵਿੱਚ ਤਬਦੀਲੀ ਅਤੇ ਹੋਰ ਸਮਾਨ ਦੀ ਪੂਰਤੀ ਦੇ ਵਿੱਚ ਇੱਕ ਨਕਾਰਾਤਮਕ ਸੰਬੰਧ ਮੌਜੂਦ ਹੈ। ਸਥਾਨਾਪੰਨ ਵਸਤੂ ਦੇ ਸਮਾਨ, ਪੂਰਕ ਵਸਤੂਆਂ ਦੀ ਕੀਮਤ ਵੀ ਵਸਤੂ ਦੀ ਪੂਰਤੀ ਨੂੰ ਪ੍ਰਭਾਵਿਤ ਕਰਦੀ ਹੈ। ਇੱਕ ਪੂਰਕ ਸਮਾਨ ਦੀ ਕੀਮਤ ਵਿੱਚ ਵਾਧਾ, ਇੱਕ ਉਤਪਾਦਕ ਨੂੰ ਸੰਬੰਧਤ ਸਮਾਨ ਦੇ ਵਧੇਰੇ ਉਤਪਾਦਨ ਲਈ ਉਤਸ਼ਾਹਤ ਕਰੇਗਾ। ਉਦਾਹਰਣ ਦੇ ਲਈ, ਮੰਨ ਲਓ ਕਿ ਸਿਆਹੀ ਦੀ ਕੀਮਤ ਵਧਦੀ ਹੈ, ਤਾਂ ਇੱਕ ਕਲਮ ਉਤਪਾਦਕ ਫਰਮ ਲਈ ਵਧੇਰੇ ਪੈੱਨ ਪੈਦਾ ਕਰਨਾ ਵਧੇਰੇ ਲਾਭਦਾਇਕ ਹੋਵੇਗਾ। ਇਸ ਲਈ, ਕਲਮ ਦੀ ਪੂਰਤੀ ਵਿੱਚ ਵਾਧਾ ਹੋਵੇਗਾ (ਸਿਆਹੀ ਦੀ ਕੀਮਤ ਵਿੱਚ ਵਾਧੇ ਦੇ ਕਾਰਨ)। ਇਸ ਪ੍ਰਕਾਰ, ਇੱਕ ਪੂਰਕ ਸਾਮਾਨ ਦੀ ਕੀਮਤ ਵਿੱਚ ਤਬਦੀਲੀ ਅਤੇ ਸੰਬੰਧਤ ਸਮਾਨ ਦੀ ਪੂਰਤੀ ਦੇ ਵਿੱਚ ਇੱਕ ਸਕਾਰਾਤਮਕ ਸੰਬੰਧ ਮੌਜੂਦ ਹੈ।

**3. ਆਗਤਾਂ ਦੀ ਕੀਮਤ**- ਉਤਪਾਦਨ ਦੀ ਲਾਗਤ ਵਿੱਚ ਵਾਧੇ ਦੇ ਕਾਰਨ, ਉਤਪਾਦਕ ਦਾ ਉਤਪਾਦਨ ਕਰਨਾ ਮੁਕਾਬਲਤਨ ਘੱਟ ਲਾਭਦਾਇਕ ਹੋ ਜਾਂਦਾ ਹੈ, ਨਤੀਜੇ ਵਜੋਂ, ਨਿਰਧਾਰਤ ਕੀਮਤ ਤੇ ਘੱਟ ਮਾਤਰਾ ਵਿੱਚ ਪੂਰਤੀ ਕੀਤੀ ਜਾਂਦੀ ਹੈ। ਦੂਜੇ ਪਾਸੇ, ਜੇ ਆਗਤਾਂ ਦੀਆਂ ਕੀਮਤਾਂ ਘਟਦੀਆਂ ਹਨ, ਤਾਂ ਉਤਪਾਦਨ ਦੀ ਲਾਗਤ ਵੀ ਘੱਟ ਜਾਂਦੀ ਹੈ, ਇਸ ਤਰ੍ਹਾਂ, ਨਿਰਮਾਤਾ ਨਿਰਧਾਰਤ ਕੀਮਤ ਤੇ ਵਧੇਰੇ ਮਾਤਰਾ ਵਿੱਚ ਵਸਤੂਆਂ ਦੀ ਪੂਰਤੀ ਕਰਦਾ ਹੈ। ਇਸ ਤਰ੍ਹਾਂ, ਆਗਤਾਂ ਦੀਆਂ ਕੀਮਤਾਂ ਵਿੱਚ ਤਬਦੀਲੀ ਉਤਪਾਦ ਦੀ ਪੂਰਤੀ ਤੇ ਸਕਾਰਾਤਮਕ ਪ੍ਰਭਾਵ ਪਾਉਂਦੀ ਹੈ।

**4. ਤਕਨੀਕ ਦੀ ਸਥਿਤੀ**- ਹੋਰ ਚੀਜ਼ਾਂ ਇਕੋ ਜਿਹੀਆਂ ਰਹਿਣ ਤੇ, ਜੇ ਉਪਲਬਧ ਤਕਨੀਕ ਦਾ ਪੱਧਰ ਵਧਦਾ ਹੈ, ਤਾਂ ਉਤਪਾਦਨ ਦੀ ਪ੍ਰਤੀ ਇਕਾਈਲਾਗਤ ਘੱਟ ਜਾਂਦੀ ਹੈ, ਜਿਸਦਾ ਅਰਥ ਹੈ ਵਸਤੂਆਂ ਦੀ ਉੱਚ ਪੂਰਤੀ ਅਤੇ ਇਸਦੇ ਉਲਟ।

**ਪ੍ਰਸ਼ਨ: ਉਤਪਾਦਕ ਸੰਤੁਲਨ ਤੋਂ ਕੀ ਭਾਵ ਹੈ?**

**ਉੱਤਰ:** ਉਤਪਾਦਕ ਸੰਤੁਲਨ ਤੋਂ ਭਾਵ ਅਜਿਹੀ ਸਥਿਤੀ ਤੋਂ ਹੈ ਜਿਸ ਵਿੱਚ ਉਤਪਾਦਕ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੁੰਦੇ ਹਨ ਜਾਂ ਘੱਟ ਤੋਂ ਘੱਟ ਹਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਅਜਿਹੀ ਸਥਿਤੀ ਵਿੱਚ ਉਤਪਾਦਕ ਉਤਪਾਦਨ ਦੇ ਪੱਧਰ ਵਿੱਚ ਪਰਿਵਰਤਨ ਨਹੀ ਕਰਨਾ ਚਾਹੁੰਦਾ।

**ਪ੍ਰਸ਼ਨ: ਉਤਪਾਦਕ ਸੰਤੁਲਨ ਦੇ ਸੰਕਲਪ ਦੀ ਸੀਮਾਂਤ ਆਮਦਨ-ਸੀਮਾਂਤ ਲਾਗਤ ਵਿਧੀ ਅਨੁਸਾਰ ਵਿਆਖਿਆ ਕਰੋ।**

ਉੱਤਰ: ਉਤਪਾਦਕ ਸੰਤੁਲਨ ਤੋਂ ਭਾਵ ਅਜਿਹੀ ਸਥਿਤੀ ਤੋਂ ਹੈ ਜਿਸ ਵਿੱਚ ਉਤਪਾਦਕ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੁੰਦੇ ਹਨ ਜਾਂ ਘੱਟ ਤੋਂ ਘੱਟ ਹਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਅਜਿਹੀ ਸਥਿਤੀ ਵਿੱਚ ਉਤਪਾਦਕ ਉਤਪਾਦਨ ਦੇ ਪੱਧਰ ਵਿੱਚ ਪਰਿਵਰਤਨ ਨਹੀ ਕਰਨਾ ਚਾਹੁੰਦਾ। ਅਰਥਵਿਵਸਥਾ ਵਿੱਚ ਹਰ ਉਤਪਾਦਕ ਸੰਤੁਲਨ ਦੀ ਸਥਿਤੀ ਹਾਸਲ ਕਰਨਾ ਚਾਹੁੰਦਾ ਹੈ।**ਸੀਮਾਂਤ ਆਮਦਨ-ਸੀਮਾਂਤ ਲਾਗਤ ਵਿਧੀ ਅਨੁਸਾਰ** ਸੰਤੁਲਨ ਦੀ ਸਥਿਤੀ ਨੂੰ ਹਾਸਲ ਕਰਨ ਦੀਆਂ ਦੋ ਸ਼ਰਤਾਂ ਹਨ। ਸੰਤੁਲਨ ਦੀ ਸਥਿਤੀ ਹਾਸਲ ਕਰਨ ਲਈ ਇਹ ਦੋਨੋ ਸ਼ਰਤਾਂ ਪੂਰੀਆਂ ਕਰਨੀਆਂ ਜਰੂਰੀ ਹਨ।

**ਸੀਮਾਂਤ ਆਮਦਨ-ਸੀਮਾਂਤ ਲਾਗਤ ਵਿਧੀ ਅਨੁਸਾਰ ਉਤਪਾਦਕ ਸੰਤੁਲਨ ਦੀਆਂ ਸ਼ਰਤਾਂ:**

1. ਉਤਪਾਦਨ ਦੀ ਸੀਮਾਂਤ ਲਾਗਤ ਅਤੇ ਵਿੱਕਰੀ ਤੋਂ ਹੋਣ ਵਾਲੀ ਸੀਮਾਂਤ ਆਮਦਨ ਬਰਾਬਰ ਹੋਣੇ ਚਾਹੀਦੇ ਹਨ।


**ਸੀਮਾਂਤ ਆਮਦਨ (MR) = ਸੀਮਾਂਤ ਲਾਗਤ(MC)**

2. ਜਿਸ ਬਿੰਦੂ ਤੇ ਸੀਮਾਂਤ ਲਾਗਤ ਅਤੇ ਸੀਮਾਂਤ ਆਮਦਨ ਬਰਾਬਰ ਹੁੰਦੇ ਹਨ ਉਸ ਬਿੰਦੂ ਤੇ ਸੀਮਾਂਤ ਲਾਗਤ ਵੱਧਦੀ ਹੋਣੀ ਚਾਹੀਦੀ ਹੈ।ਭਾਵ ਸੀਮਾਂਤ ਲਾਗਤ ਵੱਕਰ ਸੀਮਾਂਤ ਆਮਦਨ ਵੱਕਰ ਨੂੰ ਹੇਠਾਂ ਤੋਂ ਕੱਟਦਾ ਹੈ।

**ਉਤਪਾਦਕ ਸੰਤੁਲਨ ਦੀ ਚਿੱਤਰ ਸਹਿਤ ਵਿਆਖਿਆ:**

ਉਤਪਾਦਕ ਸੰਤੁਲਨ ਨੂੰ ਚਿੱਤਰ ਰਾਹੀ ਸਪਸ਼ਟ ਕੀਤਾ ਜਾ ਸਕਦਾ ਹੈ।ਇਹ ਚਿੱਤਰ ਇਸ ਮਾਨਤਾ ਤੇ ਆਧਾਰਿਤ ਹੈ ਕਿ ਬਜ਼ਾਰ ਵਿੱਚ ਪੂਰਨ ਮੁਕਾਬਲਾ ਪਾਇਆ ਜਾਂਦਾ ਹੈ।

ਰੇਖਾਚਿੱਤਰ ਵਿੱਚ X axis ਤੇ ਵਸਤੂ ਦੀਆਂ ਉਤਪਾਦਨ ਹੋਣ ਵਾਲੀਆਂ ਇਕਾਈਆਂ ਅਤੇ Y axis ਵਸਤੂ ਦੇ ਉਤਪਾਦਨ ਦੀ ਸੀਮਾਂਤ ਲਾਗਤ ਅਤੇ ਵਸਤੂ ਦੀ ਵਿੱਕਰੀ ਤੋਂ ਹੋਣ ਵਾਲੀ ਸੀਮਾਂਤ ਆਮਦਨ ਨੂੰ ਦਰਸ਼ਾਇਆ ਗਿਆ ਹੈ।




ਰੇਖਾਚਿੱਤਰ ਵਿੱਚ MC ਸੀਮਾਂਤ ਲਾਗਤ ਵੱਕਰ ਹੈ ਅਤੇ AR/MR ਔਸਤ/ ਸੀਮਾਂਤ ਆਮਦਨ ਵੱਕਰ ਹੈ।ਸੀਮਾਂਤ ਲਾਗਤ ਵੱਕਰ ਸੀਮਾਂਤ ਆਮਦਨ ਵੱਕਰ ਨੂੰ ਬਿੰਦੂ E ਅਤੇ $E_1$ ਕੱਟਦਾ ਹੈ।ਬਿੰਦੂ E ਤੇ ਸੀਮਾਂਤ ਆਮਦਨ ਸੀਮਾਂਤ ਲਾਗਤ ਦੇ ਬਰਾਬਰ ਹੈ ਪਰ ਭਾਵ ਪਹਿਲੀ ਸ਼ਰਤ ਪੂਰੀ ਹੋ ਰਹੀ ਹੈ। ਪਰ ਬਿੰਦੂ E ਤੇ ਸੀਮਾਂਤ ਲਾਗਤ ਵੱਕਰ ਸੀਮਾਂਤ ਆਮਦਨ ਵੱਕਰ ਨੂੰ ਉੱਪਰ ਤੋਂ ਕੱਟ ਰਿਹਾ ਹੈ। ਇਸ ਲਈ ਬਿੰਦੂ E ਤੇ ਉਤਪਾਦਕ ਸੰਤੁਲਨ ਦੀਆਂ ਦੋਵੇਂ ਸ਼ਰਤਾਂ ਪੂਰੀਆਂ ਨਹੀ ਹੋ ਰਹੀਆਂ।ਇਸ ਲਈ ਉਤਪਾਦਕ ਬਿੰਦੂ E ਤੇ ਸੰਤੁਲਨ ਦੀ ਅਵਸਥਾ ਵਿੱਚ ਬਿੰਦੂ $E_1$ ਤੇ ਸੀਮਾਂਤ ਆਮਦਨ ਸੀਮਾਂਤ ਲਾਗਤ ਦੇ ਬਰਾਬਰ ਹੈ ਅਤੇ ਸੀਮਾਂਤ ਲਾਗਤ ਵੱਕਰ ਸੀਮਾਂਤ ਆਮਦਨ ਵੱਕਰ ਨੂੰ ਹੇਠਾਂ ਤੋਂ ਕੱਟ ਰਿਹਾ ਹੈ। ਇਸ ਲਈ ਬਿੰਦੂ E ਤੇ ਉਤਪਾਦਕ ਸੰਤੁਲਨ ਦੀਆਂ ਦੋਵੇਂ ਸ਼ਰਤਾਂ ਪੂਰੀਆਂ ਹੋ ਰਹੀਆਂ ਹਨ।ਇਸ ਲਈ ਉਤਪਾਦਕ ਬਿੰਦੂ E ਤੇ ਸੰਤੁਲਨ ਦੀ ਅਵਸਥਾ ਵਿੱਚ ਹੈ।ਬਿੰਦੂ $E_1$ ਤੋਂ ਬਾਅਦ ਉਤਪਾਦਨ ਕਰਨ ਤੇ ਸੀਮਾਂਤ ਲਾਗਤ ਸੀਮਾਂਤ ਤੋਂ ਅਧਿਕ ਹੋ ਜਾਂਦੀ ਹੈ ਇਸ ਲਈ ਉਤਪਾਦਕ ਬਿੰਦੂ $E_1$ਤੋਂ ਬਾਅਦ ਉਤਪਾਦਨ ਨਹੀ ਵਧਾਵੇਗਾ।

**ਪ੍ਰਸ਼ਨ: ਕੁੱਲ ਲਾਭ ਤੋਂ ਕੀ ਭਾਵ ਹੈ?**

**ਉੱਤਰ:** ਕੁੱਲ ਆਮਦਨ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦਾ ਅੰਤਰ ਕੁੱਲ ਲਾਭ ਹੁੰਦਾ ਹੈ।ਇੱਕ ਸਮੇਂ ਅਵਧੀ ਦੇ ਦੋਰਾਨ ਉਤਪਾਦਕ ਦੁਆਰਾ ਉਤਪਾਦਿਤ ਵਸਤੂਆਂ ਜਾਂ ਸੇਵਾਵਾਂ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨ ਨੂੰ ਕੁੱਲ ਆਮਦਨ ਕਿਹਾ ਜਾਂਦਾ ਹੈ ਅਤੇ ਉਤਪਾਦਕ ਦੁਆਰਾ ਉਤਪਾਦਨ ਦੇ ਪਰਿਵਰਤਨਸ਼ੀਲ ਸਾਧਨਾਂ ਤੇ ਕੀਤੇ ਗਏ ਕੁੱਲ ਖਰਚ ਨੂੰ ਕੁੱਲ ਪਰਿਵਰਨਸ਼ੀਲ ਲਾਗਤ ਕਿਹਾ ਜਾਂਦਾ ਹੈ।

**ਕੁੱਲ ਲਾਭ (GP) = ਕੁੱਲ ਆਮਦਨ (TR) – ਕੁੱਲ ਪਰਿਵਰਤਨਸ਼ੀਲ ਲਾਗਤ (TVC)**


**ਚਿੱਤਰ ਸਹਿਤ ਵਿਆਖਿਆ:**

ਚਿੱਤਰ ਵਿੱਚ X-axis ਤੇ ਉਤਪਾਦਨ ਦਰਸ਼ਾਇਆ ਗਿਆ ਹੈ ਅਤੇ Y-axis ਆਮਦਨ ਅਤੇ ਲਾਗਤ ਨੂੰ ਦਰਸ਼ਾਇਆ ਗਿਆ ਹੈ।

ਚਿੱਤਰ ਵਿੱਚ MC ਸੀਮਾਂਤ ਲਾਗਤ ਵੱਕਰ ਹੈ AR/MR ਔਸਤ/ਸੀਮਾਂਤ ਆਮਦਨ ਵੱਕਰ ਹੈ।ਸੀਮਾਂਤ ਲਾਗਤ ਵੱਕਰ ਸੀਮਾਂਤ ਆਮਦਨ ਵੱਕਰ ਨੂੰ ਹੇਠਾਂ ਤੋਂ E ਬਿੰਦੂ ਤੇ ਕੱਟਦੀ ਹੈ। **OK ਉਤਪਾਦਨ ਦਾ ਸੰਤੁਲਨ ਪੱਧਰ ਹੈ। ਇਸ ਸਥਿਤੀ ਵਿੱਚ:**

ਉਤਪਾਦਕ ਦੀ ਕੁੱਲ ਆਮਦਨ (TR) = ∑MR = OKEP

ਉਤਪਾਦਨ ਦੀ ਕੁੱਲ ਪਰਿਵਰਤਨਸ਼ੀਲ ਲਾਗਤ (TVC) = ∑MC = OKEQ




ਉਤਪਾਦਕ ਦਾ ਕੁੱਲ ਲਾਭ (GP) = TR – TVC = QEP

**ਪ੍ਰਸ਼ਨ: ਸ਼ੁੱਧ ਲਾਭ ਕੀ ਹੁੰਦਾ ਹੈ?**

**ਉੱਤਰ:** ਕੁੱਲ ਆਮਦਨ ਅਤੇ ਕੁੱਲ ਲਾਗਤ ਦਾ ਅੰਤਰ ਸ਼ੁੱਧ ਲਾਭ ਹੁੰਦਾ ਹੈ।ਇੱਕ ਸਮੇਂ ਅਵਧੀ ਦੇ ਦੋਰਾਨ ਉਤਪਾਦਕ ਦੁਆਰਾ ਉਤਪਾਦਿਤ ਵਸਤੂਆਂ ਜਾਂ ਸੇਵਾਵਾਂ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨ ਨੂੰ ਕੁੱਲ ਆਮਦਨ ਕਿਹਾ ਜਾਂਦਾ ਹੈ ਅਤੇ ਉਤਪਾਦਕ ਦੁਆਰਾ ਉਤਪਾਦਨ ਦੇ ਸਾਰੇ ਸਾਧਨਾਂ ਤੇ ਕੀਤੇ ਗਏ ਕੁੱਲ ਖਰਚ ਨੂੰ ਕੁੱਲ ਕੁੱਲ ਲਾਗਤ ਕਿਹਾ ਜਾਂਦਾ ਹੈ।

**ਸ਼ੁੱਧ ਲਾਭ = ਕੁੱਲ ਆਮਦਨ – ਕੁੱਲ ਲਾਗਤ**

**ਕੁੱਲ ਲਾਗਤ = ਕੁੱਲ ਬੱਧੀ ਲਾਗਤ + ਕੁੱਲ ਪਰਿਵਰਤਨਸ਼ੀਲ ਲਾਗਤ**

**ਪ੍ਰਸ਼ਨ: ਸਮ-ਪੱਧਰ ਬਿੰਦੂ ਜਾਂ ਸਮ-ਸਤਰ ਬਿੰਦੂ (break-even point ) ਤੋਂ ਕੀ ਭਾਵ ਹੈ?**

**ਉੱਤਰ:** ਸਮ-ਪੱਧਰ ਬਿੰਦੂ ਉਸ ਸਥਿਤੀ ਨੂੰ ਕਹਿੰਦੇ ਹਨ ਜਦੋਂ ਉਤਪਾਦਕ ਦੀ ਕੁੱਲ ਆਮਦਨ ਅਤੇ ਕੁੱਲ ਲਾਗਤ ਬਰਾਬਰ ਹੋਵੇ ਜਾਂ ਜਦੋਂ ਕੀਮਤ ਔਸਤ ਲਾਗਤ ਦੇ ਬਰਾਬਰ ਹੋਵੇ।

**ਪ੍ਰਸ਼ਨ: ਉਤਪਾਦਨ ਬੰਦ ਕਰਨ ਵਾਲਾ ਬਿੰਦੂ ਕੀ ਹੁੰਦਾ ਹੈ?**

**ਉੱਤਰ:** ਉਤਪਾਦਨ ਬੰਦ ਕਰਨ ਵਾਲਾ ਬਿੰਦੂ ਉਹ ਸਥਿਤੀ ਹੁੰਦੀ ਹੈ ਜਿਸ ਵਿੱਚ ਉਤਪਾਦਕ ਆਪਣੀ ਵਿੱਕਰੀ ਹੋਣ ਵਾਲੀ ਆਮਦਨ ਵਿੱਚੋਂ ਕੇਵਲ ਕੁੱਲ ਪਰਿਵਰਤਨਸ਼ੀਲ ਲਾਗਤ ਹੀ ਪ੍ਰਾਪਤ ਕਰ ਪਾਉਂਦਾ ਹੈ।

**ਪ੍ਰਸ਼ਨ: ਹੇਠ ਦਿੱਤੇ ਕਾਲਮ 1 ਦਾ ਕਾਲਮ 2 ਨਾਲ ਮਿਲਾਣ ਕਰੋ।**

| ਕਾਲਮ 1 | ਕਾਲਮ 2 |
|---|---|
| AR | P X Q |
| TR | $TVC_N – TVC_{N-1}$ |
| MC | TR/Q |
| Profit | TR - TC |

ਉੱਤਰ:

| ਕਾਲਮ 1 | ਕਾਲਮ 2 |
|---|---|
| AR | TR/Q |
| TR | P X Q |
| MC | $TVC_N – TVC_{N-1}$ |
| Profit | TR - TC |

**ਪ੍ਰਸ਼ਨ: ਬਜ਼ਾਰ ਤੋਂ ਕੀ ਭਾਵ ਹੈ?**

**ਉੱਤਰ**: ਆਮ ਬੋਲਚਾਲ ਦੀ ਭਾਸ਼ਾ ਵਿੱਚ ਬਜ਼ਾਰ ਸ਼ਬਦ ਦੀ ਵਰਤੋਂ ਕਿਸੇ ਵਿਸ਼ੇਸ਼ ਖੇਤਰ ਜਾਂ ਜਗ੍ਹਾ ਲਈ ਕੀਤੀ ਜਾਂਦੀ ਹੈ ਪਰ ਅਰਥ ਸ਼ਾਸ਼ਤਰ ਵਿੱਚ ਬਜ਼ਾਰ ਅਜਿਹਾ ਸਾਰਾ ਖੇਤਰ ਹੈ ਜਿੱਥੇ ਵਸਤੂਆਂ ਵੇਚੀਆਂ ਅਤੇ ਖਰੀਦੀਆਂ ਜਾਂਦੀਆਂ ਹਨ। ਖਰੀਦਦਾਰ ਅਤੇ ਵਿਕਰੇਤਾ ਦਾ ਆਪਸ ਵਿੱਚ ਸਬੰਧ ਹੋਣ ਲਈ ਉਹਨਾਂ ਦਾ ਮਿਲਣਾ ਵੀ ਜ਼ਰੂਰੀ ਨਹੀਂ ਹੈ। ਉਹ ਟੈਲੀਫੋਨ ਈ–ਮੇਲ ਜਾਂ ਫੈਕਸ ਰਾਹੀਂ ਵੀ ਸਬੰਧ ਬਣਾ ਸਕਦੇ ਹਨ। ਅੱਜ ਕੱਲ੍ਹ ਆਨ–ਲਾਈਨ ਸ਼ਾਪਿੰਗ ਵੀ ਤੇਜ਼ੀ ਨਾਲ ਵੱਧ ਰਹੀ ਹੈ।

ਜੇ.ਸੀ. ਐਡਵਰਡਸ ਅਨੁਸਾਰ ਬਜ਼ਾਰ ਉਹ ਪ੍ਰਕਿਰਿਆ ਹੈ ਜਿਸ ਵਿੱਚ ਖਰੀਦਦਾਰ ਅਤੇ ਵਿਕਰੇਤਾ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ ਸੰਪਰਕ ਲਈ ਕਿਸੇ ਨਿਸ਼ਚਤ ਸਥਾਨ ਦਾ ਹੋਣਾ ਜਰੂਰੀ ਨਹੀਂ ਹੈ।

**ਪ੍ਰਸ਼ਨ: ਬਜ਼ਾਰ ਦੀ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**

**ਉੱਤਰ:** ਬਜ਼ਾਰ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ:

1. **ਖੇਤਰ**: ਅਰਥ ਸ਼ਾਸ਼ਤਰ ਵਿੱਚ ਬਜ਼ਾਰ ਤੋਂ ਭਾਵ ਕਿਸੇ ਵਿਸ਼ੇਸ਼ ਖੇਤਰ ਤੋਂ ਨਹੀਂ ਹੈ ਸਗੋਂ ਉਸ ਸਾਰੇ ਖੇਤਰ ਤੋਂ ਹੈ ਜਿਸ ਵਿੱਚ ਵਿਕਰੇਤਾ ਅਤੇ ਖਰੀਦਦਾਰ ਫੈਲੇ ਹੁੰਦੇ ਹਨ।
2. **ਵੇਚਣ ਅਤੇ ਖਰੀਦਣ ਵਾਲੇ**: ਬਜ਼ਾਰ ਵਿੱਚ ਖਰੀਦਦਾਰ ਅਤੇ ਵਿਕਰੇਤਾ ਦਾ ਹੋਣਾ ਜ਼ਰੂਰੀ ਹੈ। ਇਹ ਜ਼ਰੂਰੀ ਨਹੀਂ ਕਿ ਖਰੀਦਦਾਰ ਅਤੇ ਵਿਕਰੇਤਾ ਇੱਕ ਥਾਂ ਤੇ ਹੀ ਹਾਜ਼ਰ ਹੋਣ ਸਗੋਂ ਉਹਨਾਂ *ਚ ਸੰਪਰਕ ਦਾ ਹੋਣਾ ਜ਼ਰੂਰੀ ਹੈ ਇਹ ਸੰਪਰਕ ਸੰਚਾਰ ਦੇ ਕਿਸੇ ਵੀ ਸਾਧਨ ਰਾਹੀਂ ਹੋ ਸਕਦਾ ਹੈ। ਜਿਵੇਂ ਟੈਲੀਫੋਨ, ਈ–ਮੇਲ
3. **ਇੱਕ ਵਸਤੂ**: ਅਰਥ ਸ਼ਾਸ਼ਤਰ ਵਿੱਚ ਹਰ ਵਸਤੂ ਦਾ ਬਜ਼ਾਰ ਅਲੱਗ ਹੁੰਦਾ ਹੈ। ਕਣਕ ਦਾ ਬਜ਼ਾਰ ਅਤੇ ਖੰਡ ਦਾ ਬਜ਼ਾਰ ਵੱਖਰੇ–ਵੱਖਰੇ ਹਨ। ਭਾਵ ਜਿੰਨ੍ਹੀਆਂ ਵਸਤੂਆਂ ਉਨੇ ਹੀ ਬਜ਼ਾਰ ਹੀ ਹੁੰਦੇ ਹਨ।
4. **ਮੁਕਤ ਪ੍ਰਤੀਯੋਗਤਾ**: ਬਜ਼ਾਰ ਵਿੱਚ ਖਰੀਦਦਾਰ ਅਤੇ ਵਿਕਰੇਤਾ *ਚ ਇੱਕ ਮੁਕਤ ਪ੍ਰਤੀਯੋਗਤਾ ਹੁੰਦੀ ਹੈ ਭਾਵ ਵਿਕਰੇਤਾ ਵਸਤੂ ਨੂੰ ਵਧੱ ਤੋਂ ਵਧੱ ਭਾਅ ਤੇ ਵੇਚਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਕਿ ਖਰੀਦਦਾਰ ਦੀ ਕੋਸ਼ਿਸ਼ ਵਸਤੂ ਨੂੰ ਘੱਟ ਤੋਂ ਘੱਟ ਕੀਮਤ ਤੇ ਖਰੀਦਣ ਦੀ ਹੁੰਦੀ ਹੈ।


**ਪ੍ਰਸ਼ਨ: ਪੂਰਣ ਮੁਕਾਬਲੇ ਤੋਂ ਕੀ ਭਾਵ ਹੈ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ?**

**ਉੱਤਰ**:ਪੂਰਣ ਮੁਕਾਬਲਾ ਬਾਜ਼ਾਰ ਵਿੱਚ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਦੀ ਗਿਣਤੀ ਬਹੁਤ ਜਿਆਦਾ ਹੈ।ਸਾਰੀਆਂ ਫਰਮਾਂ ਸਮਰੂਪ ਵਸਤੂਆਂ ਦਾ ਉਤਪਾਦਨ ਕਰਦੀਆਂ ਹਨ। ਕੋਈ ਵੀ ਫਰਮ ਬਾਜ਼ਾਰ ਕੀਮਤ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ।ਵਸਤੂ ਦੀ ਕੀਮਤ ਬਾਜ਼ਾਰ ਮੰਗ ਤੇ ਬਾਜ਼ਾਰ ਪੂਰਤੀ ਰਾਹੀਂ ਨਿਗਰਧਾਰਿਤ ਹੁੰਦੀ ਹੈ।ਹਰੇਕ ਫਰਮ ਨੂੰ ਬਾਜ਼ਾਰ ਵਿੱਚ ਪ੍ਰਚਲਿਤ ਕੀਮਤ ਤੇ ਹੀ ਵਸਤੂ ਵੇਚਣੀ ਪੈਂਦੀ ਹੈ।

**ਪੂਰਣ ਮੁਕਾਬਲਾ ਬਾਜ਼ਾਰ ਦੀਆਂ ਵਿਸ਼ੇਸ਼ਤਾਵਾਂ:**

1. ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਦੀ ਵੱਡੀ ਗਿਣਤੀ- ਪੂਰਣ ਮੁਕਾਬਲਾ ਬਾਜ਼ਾਰ ਵਿੱਚ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਦੀ ਵੱਡੀ ਗਿਣਤੀ ਹੁੰਦੀ ਹੈ।
2. ਸਮਰੂਪ ਵਸਤੂਆਂ- ਸਾਰੇ ਉਤਪਾਦਕਾਂ ਰਾਹੀਂ ਉਤਪਾਦਿਤ ਵਸਤੂ ਸਮਰੂਪ ਹੁੰਦੀ ਹੈ ਅਤੇ ਬਾਜ਼ਾਰ ਵਿੱਚ ਉਸਦੀ ਇੱਕ ਹੀ ਕੀਮਤ ਹੁੰਦੀ ਹੈ।
3. ਫਰਮਾਂ ਨੂੰ ਉਦਯੋਗ ਵਿੱਚ ਦਾਖਲ ਹੋਣ ਅਤੇ ਛੱਡਣ ਦੀ ਅਜ਼ਾਦੀ- ਪੂਰਣ ਮੁਕਾਬਲੇ ਵਿੱਚ ਹਰੇਕ ਫਰਮ ਨੂੰ ਅਜ਼ਾਦੀ ਹੁੰਦੀ ਹੈ ਉਹ ਆਪਣੀ ਮਰਜ਼ੀ ਨਾਲ ਉਦਯੋਗ ਵਿੱਚ ਦਾਖਲ ਹੋ ਸਕਦੀ ਹੈ ਅਤੇ ਜਦੋਂ ਚਾਹੇ ਉਦਯੋਗ ਨੂੰ ਛੱਡ ਕੇ ਜਾ ਸਕਦੀ ਹੈ।
4. ਵਸਤੂ ਦੀ ਕੀਮਤ- ਵਸਤੂ ਦੀ ਕੀਮਤ ਬਾਜ਼ਾਰ ਮੰਗ ਤੇ ਬਾਜ਼ਾਰ ਪੂਰਤੀ ਰਾਹੀਂ ਨਿਰਧਾਰਿਤ ਹੁੰਦੀ ਹੈ। ਹਰੇਕ ਫਰਮ ਨੂੰ ਬਾਜ਼ਾਰ ਵਿੱਚ ਪ੍ਰਚਲਿਤ ਕੀਮਤ ਤੇ ਹੀ ਵਸਤੂ ਵੇਚਣੀ ਪੈਂਦੀ ਹੈ।ਜੇਕਰ ਕੋਈ ਫਰਮ ਬਾਜ਼ਾਰ ਕੀਮਤ ਤੋਂ ਅਧਿਕ ਕੀਮਤ ਨਿਰਧਾਰਿਤ ਕਰਦੀ ਹੈ ਤਾਂ ਖਰੀਦਦਾਰ ਇਸ ਫਰਮ ਦੀ ਵਸਤੂ ਨੂੰ ਛੱਡ ਕੇ ਦੂਸਰੀ ਫਰਮ ਦੀ ਵਸਤੂ ਖਰੀਦਦਾ ਹੈ।ਇਕ ਫਰਮ ਕੀਮਤ ਵਿੱਚ ਪਰਿਵਰਤਨ ਕਰਕੇ ਬਾਜ਼ਾਰ ਕੀਮਤ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ।
5. ਵਿਕਰੀ ਲਾਗਤ ਦੀ ਅਣਹੋਂਦ- ਕਿਉਂਕਿ ਸਾਰੇ ਉਤਪਾਦਕਾਂ ਰਾਹੀਂ ਉਤਪਾਦਿਤ ਵਸਤੂਆਂ ਸਮਰੂਪ ਹੁੰਦੀਆਂ ਹਨ। ਇਸ ਲਈ ਇਸ਼ਤਿਹਾਰਬਾਜ਼ੀ ਤੇ ਕੋਈ ਖਰਚ ਨਹੀਂ ਹੁੰਦਾ।
6. ਪੂਰਣ ਗਤੀਸ਼ੀਲਤਾ- ਪੂਰਣ ਮੁਕਾਬਲੇ ਵਿੱਚ ਸਾਧਨਾਂ, ਵਸਤੂਆਂ ਅਤੇ ਸੇਵਾਵਾਂ ਦੀ ਪੂਰਣ ਗਤੀਸ਼ੀਲਤਾ ਪਾਈ ਜਾਂਦੀ ਹੈ।
7. ਪੂਰਣ ਗਿਆਨ- ਖਰੀਦਦਾਰ ਅਤੇ ਵਿਕ੍ਰੇਤਾਵਾਂ ਨੂੰ ਬਾਜ਼ਾਰ ਵਿੱਚ ਪ੍ਰਚਲਿਤ ਕੀਮਤ ਦੀ ਪੂਰਣ ਜਾਣਕਾਰੀ ਹੁੰਦੀ ਹੈ।
8. ਔਸਤ ਆਮਦਨ ਅਤੇ ਸੀਮਾਂਤ ਆਮਦਨ ਇੱਕ ਸਮਾਨ- ਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਬਰਾਬਰ ਹੁੰਦੀ ਹੈ।

ਔਸਤ ਆਮਦਨ ਅਤੇ ਸੀਮਾਂਤ ਆਮਦਨ




**ਪ੍ਰਸ਼ਨ : ਕੀਮਤ ਅਤੇ ਆਉਟਪੁੱਟ ਨੂੰ ਪੂਰਨ ਪ੍ਰਤੀਯੋਗਤਾ ਦੇ ਵਿੱਚ ਕਿਵੇਂ ਨਿਰਧਾਰਤ ਕੀਤਾ ਜਾਂਦਾ ਹੈ?**

ਸੰਪੂਰਨ ਮੁਕਾਬਲਾ ਬਾਜ਼ਾਰ ਦੀ ਉਸ ਸਥਿਤੀ ਨੂੰ ਦਰਸਾਉਂਦਾ ਹੈ ਜਿਥੇ ਇਕੋ ਜਿਹੇ ਉਤਪਾਦਾਂ ਵਿਚ ਵੱਡੀ ਗਿਣਤੀ ਵਿਚ ਖਰੀਦਦਾਰ ਅਤੇ ਵਿਕਰੇਤਾ ਹੁੰਦੇ ਹਨ.

**ਪਰਿਭਾਸ਼ਾਵਾਂ:**

"ਪੂਰੀ ਤਰ੍ਹਾਂ ਪ੍ਰਤੀਯੋਗੀ ਬਾਜ਼ਾਰ ਇੱਕ ਅਜਿਹੀ ਸਥਿਤੀ ਹੈ ਜਿੱਥੇ ਵੱਡੀ ਗਿਣਤੀ ਵਿੱਚ ਖਰੀਦਦਾਰ ਅਤੇ ਵਿਕਰੇਤਾ ਸਮਾਨ ਸਮਾਨ ਵਸਤਾਂ ਦੀ ਖਰੀਦ ਅਤੇ ਵਿਕਰੀ ਵਿੱਚ ਲੱਗੇ ਹੋਏ ਹਨ, ਜੋ ਇੱਕ ਦੂਜੇ ਨਾਲ ਨੇੜਲੇ ਸੰਪਰਕ ਵਿੱਚ ਹਨ ਅਤੇ ਜੋ ਆਪਸ ਵਿੱਚ ਖੁੱਲ੍ਹ ਕੇ ਖਰੀਦਣ ਅਤੇ ਵੇਚਦੇ ਹਨ." -ਬੋਲਡਿੰਗ

“ਸੰਪੂਰਨ ਮੁਕਾਬਲਾ ਬਹੁਤ ਸਾਰੀਆਂ ਫਰਮਾਂ ਦੀ ਮੌਜੂਦਗੀ ਦੁਆਰਾ ਦਰਸਾਇਆ ਜਾਂਦਾ ਹੈ; ਉਹ ਸਾਰੇ ਇੱਕੋ ਜਿਹੇ ਉਤਪਾਦ ਨੂੰ ਵੇਚਦੇ ਹਨ. ਵਿਕਰੇਤਾ ਇੱਕ ਮੁੱਲ ਲੈਣ ਵਾਲਾ ਹੈ. " -ਬਿਲਾਸ

ਇਸ ਤੋਂ ਇਲਾਵਾ, ਸੰਪੂਰਨ ਮੁਕਾਬਲੇ ਦੇ ਤਹਿਤ, ਸੰਸਥਾਵਾਂ ਦੇ ਦਾਖਲੇ ਜਾਂ ਬਾਹਰ ਜਾਣ ਤੇ ਕੋਈ ਕਾਨੂੰਨੀ, ਸਮਾਜਿਕ ਜਾਂ ਤਕਨੀਕੀ ਰੁਕਾਵਟਾਂ ਨਹੀਂ ਹਨ. ਸੰਪੂਰਨ ਮੁਕਾਬਲੇ ਵਿੱਚ, ਵਿਕਰੇਤਾ ਅਤੇ ਖਰੀਦਦਾਰ ਇੱਕ ਉਤਪਾਦ ਦੀ ਮੌਜੂਦਾ ਮਾਰਕੀਟ ਕੀਮਤ ਬਾਰੇ ਪੂਰੀ ਤਰ੍ਹਾਂ ਜਾਣੂ ਹਨ. ਇਸ ਲਈ, ਉਨ੍ਹਾਂ ਵਿੱਚੋਂ ਕੋਈ ਵੀ ਉੱਚ ਰੇਟ ਤੇ ਨਹੀਂ ਵੇਚਦਾ ਜਾਂ ਖਰੀਦਦਾ ਹੈ. ਨਤੀਜੇ ਵਜੋਂ, ਉਹੀ ਕੀਮਤ ਸੰਪੂਰਣ ਮੁਕਾਬਲੇ ਦੇ ਅਧੀਨ ਮਾਰਕੀਟ ਵਿਚ ਮੌਜੂਦ ਹੈ.

ਸੰਪੂਰਨ ਮੁਕਾਬਲੇ ਦੇ ਤਹਿਤ, ਖਰੀਦਦਾਰ ਅਤੇ ਵਿਕਰੇਤਾ ਕ੍ਰਮਵਾਰ ਕ੍ਰਮਵਾਰ ਆਪਣੀ ਖਰੀਦਦਾਰੀ ਜਾਂ ਆਉਟਪੁੱਟ ਨੂੰ ਵਧਾ ਜਾਂ ਘਟਾ ਕੇ ਮਾਰਕੀਟ ਕੀਮਤ ਨੂੰ ਪ੍ਰਭਾਵਤ ਨਹੀਂ ਕਰ ਸਕਦੇ. ਸੰਪੂਰਨ ਮੁਕਾਬਲੇ ਵਿੱਚ ਉਤਪਾਦਾਂ ਦੀ ਮਾਰਕੀਟ ਕੀਮਤ ਉਦਯੋਗ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ. ਇਹ ਸੰਕੇਤ ਕਰਦਾ ਹੈ ਕਿ ਸੰਪੂਰਨ ਮੁਕਾਬਲੇ ਵਿਚ, ਉਤਪਾਦਾਂ ਦੀ ਮਾਰਕੀਟ ਕੀਮਤ ਦੋ ਮਾਰਕੀਟ ਤਾਕਤਾਂ, ਅਰਥਾਤ ਮਾਰਕੀਟ ਦੀ ਮੰਗ ਅਤੇ ਮਾਰਕੀਟ ਸਪਲਾਈ ਨੂੰ ਧਿਆਨ ਵਿੱਚ ਰੱਖਦਿਆਂ ਨਿਰਧਾਰਤ ਕੀਤੀ ਜਾਂਦੀ ਹੈ.

**ਮਾਰਸ਼ਲ ਦੇ ਸ਼ਬਦਾਂ ਵਿਚ, "ਕਿਸੇ ਚੀਜ਼ ਦੀ ਕੀਮਤ ਨਿਰਧਾਰਤ ਕਰਨ ਲਈ ਮੰਗ ਅਤੇ ਸਪਲਾਈ ਦੇ ਦੋਵੇਂ ਤੱਤ ਇਕੋ ਤਰੀਕੇ ਨਾਲ ਲੋੜੀਂਦੇ ਹੁੰਦੇ ਹਨ ਜਿਵੇਂ ਕਿ ਦੋਨੋ ਬਲੇਡਾਂ ਨੂੰ ਕੱਪੜਾ ਕੱਟਣਾ ਜ਼ਰੂਰੀ ਹੁੰਦਾ ਹੈ।" ਜਿਵੇਂ ਕਿ ਪਿਛਲੇ ਅਧਿਆਵਾਂ ਵਿਚ ਵਿਚਾਰਿਆ ਗਿਆ ਹੈ, ਮਾਰਕੀਟ ਦੀ ਮੰਗ ਨੂੰ ਉਦਯੋਗ ਵਿਚ ਹਰੇਕ ਵਿਅਕਤੀਗਤ ਸੰਗਠਨ ਦੁਆਰਾ ਮੰਗੀ ਗਈ ਮਾਤਰਾ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ ਹੈ.**

ਦੂਜੇ ਪਾਸੇ, ਮਾਰਕੀਟ ਸਪਲਾਈ ਉਦਯੋਗ ਵਿੱਚ ਵਿਅਕਤੀਗਤ ਸੰਗਠਨਾਂ ਦੁਆਰਾ ਦਿੱਤੀ ਜਾਂਦੀ ਮਾਤਰਾ ਦੀ ਮਾਤਰਾ ਨੂੰ ਦਰਸਾਉਂਦੀ ਹੈ. ਸੰਪੂਰਣ ਮੁਕਾਬਲੇ ਵਿੱਚ, ਇੱਕ ਉਤਪਾਦ ਦੀ ਕੀਮਤ ਇੱਕ ਬਿੰਦੂ ਤੇ ਨਿਰਧਾਰਤ ਕੀਤੀ ਜਾਂਦੀ ਹੈ ਜਿੱਥੇ ਮੰਗ ਅਤੇ ਸਪਲਾਈ ਕਰਵ ਇੱਕ ਦੂਜੇ ਨੂੰ ਆਪਸ ਵਿੱਚ ਕੱਟਦੇ ਹਨ. ਇਸ ਬਿੰਦੂ ਨੂੰ ਸੰਤੁਲਨ ਬਿੰਦੂ ਦੇ ਨਾਲ ਨਾਲ ਕੀਮਤ ਨੂੰ ਸੰਤੁਲਨ ਕੀਮਤ ਵਜੋਂ ਵੀ ਜਾਣਿਆ ਜਾਂਦਾ ਹੈ. ਇਸ ਤੋਂ ਇਲਾਵਾ, ਇਸ ਬਿੰਦੂ ਤੇ, ਮੰਗੀ ਅਤੇ ਸਪਲਾਈ ਕੀਤੀ ਮਾਤਰਾ ਨੂੰ ਸੰਤੁਲਨ ਮਾਤਰਾ ਕਿਹਾ ਜਾਂਦਾ ਹੈ. ਆਓ ਅਗਲੇ ਭਾਗਾਂ ਵਿੱਚ ਸੰਪੂਰਨ ਮੁਕਾਬਲੇ ਦੇ ਤਹਿਤ ਕੀਮਤ ਨਿਰਧਾਰਣ ਬਾਰੇ ਵਿਚਾਰ ਕਰੀਏ.

ਸੰਪੂਰਨ ਪ੍ਰਤੀਯੋਗੀਤਾ ਦੇ ਅਧੀਨ ਮੰਗ:

ਮੰਗ ਇੱਕ ਉਤਪਾਦ ਦੀ ਮਾਤਰਾ ਨੂੰ ਦਰਸਾਉਂਦੀ ਹੈ ਜਿਸ ਨੂੰ ਉਪਭੋਗਤਾ ਇੱਕ ਖਾਸ ਕੀਮਤ 'ਤੇ ਖਰੀਦਣ ਲਈ ਤਿਆਰ ਹੁੰਦੇ ਹਨ, ਜਦਕਿ ਹੋਰ ਕਾਰਕ ਸਥਿਰ ਰਹਿੰਦੇ ਹਨ. ਇੱਕ ਖਪਤਕਾਰ ਘੱਟ ਕੀਮਤ 'ਤੇ ਵਧੇਰੇ ਮਾਤਰਾ ਅਤੇ ਉੱਚ ਕੀਮਤ' ਤੇ ਘੱਟ ਮਾਤਰਾ ਦੀ ਮੰਗ ਕਰਦਾ ਹੈ. ਇਸ ਲਈ, ਮੰਗ ਵੱਖ ਵੱਖ ਕੀਮਤਾਂ 'ਤੇ ਵੱਖ ਵੱਖ ਹੁੰਦੀ ਹੈ.

ਚਿੱਤਰ -1 ਸੰਪੂਰਣ ਮੁਕਾਬਲੇ ਅਧੀਨ ਮੰਗ ਕਰਵ ਨੂੰ ਦਰਸਾਉਂਦਾ ਹੈ:





**Figure-1: Demand Curve under Perfect Competition**

ਜਿਵੇਂ ਕਿ ਚਿੱਤਰ -1 ਵਿੱਚ ਦਰਸਾਇਆ ਗਿਆ ਹੈ, ਜਦੋਂ ਕੀਮਤ OP ਹੁੰਦੀ ਹੈ, ਮੰਗੀ ਗਈ ਮਾਤਰਾ OQ ਹੈ. ਦੂਜੇ ਪਾਸੇ, ਜਦੋਂ ਕੀਮਤ OP1 ਤੱਕ ਵਧਦੀ ਹੈ, ਮੰਗੀ ਗਈ ਮਾਤਰਾ OQ1 ਤੱਕ ਘੱਟ ਜਾਂਦੀ ਹੈ. ਇਸ ਲਈ, ਸੰਪੂਰਨ ਮੁਕਾਬਲੇ ਦੇ ਤਹਿਤ, ਮੰਗ ਕਰਵ (ਡੀਡੀ) ਹੇਠਾਂ ਵੱਲ ਖਿਸਕਦਾ ਹੈ।

**ਪੂਰਨ ਮੁਕਾਬਲੇ ਦੇ ਅਧੀਨ ਸਪਲਾਈ:-**

ਸਪਲਾਈ ਦਾ ਮਤਲਬ ਹੈ ਉਸ ਉਤਪਾਦ ਦੀ ਮਾਤਰਾ ਜੋ ਉਤਪਾਦਕ ਕਿਸੇ ਖਾਸ ਕੀਮਤ 'ਤੇ ਸਪਲਾਈ ਕਰਨ ਲਈ ਤਿਆਰ ਹੁੰਦੇ ਹਨ. ਆਮ ਤੌਰ 'ਤੇ, ਕਿਸੇ ਉਤਪਾਦ ਦੀ ਸਪਲਾਈ ਉੱਚ ਕੀਮਤ' ਤੇ ਵੱਧ ਜਾਂਦੀ ਹੈ ਅਤੇ ਘੱਟ ਕੀਮਤ 'ਤੇ ਘੱਟ ਜਾਂਦੀ ਹੈ.

ਚਿੱਤਰ -2 ਪੂਰਨ ਮੁਕਾਬਲੇ ਦੇ ਅਧੀਨ ਸਪਲਾਈ ਕਰਵ ਨੂੰ ਦਰਸਾਉਂਦਾ ਹੈ:





**Figure-2: Supply Curve under Perfect Competition**

ਚਿੱਤਰ -2 ਵਿੱਚ, ਜਦੋਂ ਕੀਮਤ OP ਹੈ ਤਾਂ ਸਪਲਾਈ ਕੀਤੀ ਗਈ ਮਾਤਰਾ OQ ਹੈ. ਜਦੋਂ ਕੀਮਤ ਵੱਧ ਕੇ OP1 ਜਾਂਦੀ ਹੈ, ਸਪਲਾਈ ਕੀਤੀ ਮਾਤਰਾ ਵੱਧ ਕੇ OQ1 ਜਾਂਦੀ ਹੈ. ਇਹ ਇਸ ਲਈ ਹੈ ਕਿਉਂਕਿ ਉਤਪਾਦਕ ਵਧੇਰੇ ਕੀਮਤ 'ਤੇ ਉਤਪਾਦਾਂ ਦੀ ਸਪਲਾਈ ਕਰਕੇ ਵੱਡਾ ਮੁਨਾਫਾ ਕਮਾਉਣ ਦੇ ਯੋਗ ਹੁੰਦੇ ਹਨ. ਇਸ ਲਈ, ਸੰਪੂਰਣ ਮੁਕਾਬਲੇ ਦੇ ਤਹਿਤ, ਸਪਲਾਈ ਕਰਵ SS (ਐੱਸ. ਐੱਸ.) ਉਪਰ ਵੱਲ ਵੱਧਦਾ ਹੈ।

**ਸੰਪੂਰਨ ਪ੍ਰਤੀਯੋਗਤਾ ਦੇ ਅਧੀਨ ਸੰਤੁਲਨ:**

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸੰਪੂਰਣ ਮੁਕਾਬਲੇ ਵਿੱਚ, ਇੱਕ ਉਤਪਾਦ ਦੀ ਕੀਮਤ ਇੱਕ ਬਿੰਦੂ ਤੇ ਨਿਰਧਾਰਤ ਕੀਤੀ ਜਾਂਦੀ ਹੈ ਜਿਸ ਤੇ ਮੰਗ ਅਤੇ ਪੂਰਤੀ ਵਕਰ ਇੱਕ ਦੂਜੇ ਨੂੰ ਆਪਸ ਵਿੱਚ ਜੋੜਦੇ ਹਨ. ਇਸ ਬਿੰਦੂ ਨੂੰ ਸੰਤੁਲਨ ਬਿੰਦੂ ਕਿਹਾ ਜਾਂਦਾ ਹੈ. ਇਸ ਸਮੇਂ, ਮੰਗੀ ਅਤੇ ਸਪਲਾਈ ਕੀਤੀ ਮਾਤਰਾ ਨੂੰ ਸੰਤੁਲਨ ਮਾਤਰਾ ਕਿਹਾ ਜਾਂਦਾ ਹੈ.

**ਤਾਲਿਕਾ 1. ਪੂਰਨ ਪਰਤੀਯੋਗਤਾ ਵਿਚ ਸਤੁੰਲਨ ਕੀਮਤਦਾ ਨਿਰਧਾਰਣ**

| ਵਸਤੂ X ਦੀ ਕੀਮਤ (ਰੁਪਏ ਵਿਚ) | ਵਸਤੂ X ਦੀ ਪੂਰਤੀ ਦੀ ਮਾਤਰਾ (ਦਰਜਨਾਂ | ਵਸਤੂ X ਦੀ ਮਾਤਰਾ ਦੀ ਮੰਗ (ਦਰਜਨਾਂ |
|---|---|---|

| | ਵਿੱਚ) | ਵਿੱਚ) |
|---|---|---|
| 5 | 50 | 10 |
| 4 | 40 | 20 |
| 3 | 30 | 30 |
| 2 | 20 | 40 |
| 1 | 10 | 50 |

ਉਪਰੋਕਤ ਤਾਲਿਕਾ ਵਿੱਚ ਜਦੋਂ ਵਸਤੂ X ਦੀ ਕੀਮਤ 5 ਰੁਪਏ ਹੈ ਤਾਂ ਵਸਤੂ X ਦੀ ਬਜ਼ਾਰ ਮੰਗ 10 ਦਰਜਨ ਅਤੇ ਬਜ਼ਾਰ ਪੂਰਤੀ 50 ਦਰਜਨ ਹੈ। ਇਹ ਵਧੇਰੇ ਪੂਰਤੀ ਅਤੇ ਵਧੇਰੇ ਸਟਾਕ ਦੀ ਸਥਿਤੀ ਹੈ. ਵਧੇਰੇ ਸਟਾਕਾਂ ਦਾ ਦਬਾਅ ਮਾਰਕੀਟ ਦੀ ਕੀਮਤ ਨੂੰ ਘਟਾਉਂਦਾ ਹੈ. ਕੀਮਤ 5 ਤੋਂ 4 ਤੱਕ ਘੱਟ ਜਾਂਦੀ ਹੈ. ਇਸ ਕੀਮਤ 'ਤੇ ਵਸਤੂ ਦੀ ਮੰਗ ਕੀਤੀ ਗਈ ਮਾਤਰਾ 10 ਤੋਂ ਵਧਾ ਕੇ 20 ਦਰਜਨ ਅਤੇ ਬਜ਼ਾਰ ਸਪਲਾਈ 40 ਦਰਜਨ ਤੱਕ ਘੱਟ ਜਾਵੇਗੀ. ਪਰ ਇਸ ਕੀਮਤ 'ਤੇ ਵਸਤੂ X ਦੀ ਬਜ਼ਾਰ ਦੀ ਮੰਗ ਇਸ ਦੀ ਬਜ਼ਾਰ ਪੂਰਤੀ ਨਾਲੋਂ ਘੱਟ ਹੈ.। 20 ਦਰਜਨ ਦਾ ਵਧੇਰੇ ਸਟਾਕ 4 ਰੁਪਏ ਦੀ ਕੀਮਤ 'ਤੇ ਅਣ ਵੇਚਿਆ ਰਹੇਗਾ. ਵਿਕਰੇਤਾਵਾਂ ਨੇ ਵਸਤੂ X ਦੀ ਕੀਮਤ ਨੂੰ 3 ਰੁਪਏ ਤਕ ਘਟਾ ਦਿੱਤਾ. ਇਸ ਕੀਮਤ 'ਤੇ ਵਸਤੂ ਦੀ ਬਜ਼ਾਰ ਮੰਗ ਇਸ ਦੀ ਬਜ਼ਾਰ ਪੂਰਤੀ ਦੇ ਬਰਾਬਰ ਹੈ, ਜੋ ਕਿ 30 ਦਰਜਨ ਹੈ. ਇਸ ਲਈ ਕੀਮਤ ਦੇ ਰੂਪ ਵਿਚ 3 ਰੁਪਏ ਨਿਰਧਾਰਤ ਕੀਤੇ ਜਾਣੇ ਹਨ ਜਿਸ 'ਤੇ ਬਜ਼ਾਰ ਦੀ ਪੂਰਤੋਂ ਅਤੇ ਬਜ਼ਾਰ ਦੀ ਮੰਗ ਬਰਾਬਰ ਹੈ. ।ਬਾਜ਼ਾਰ ਵਿਚ ਕੋਈ ਵਧੇਰੇ ਮੰਗ ਅਤੇ ਵਧੇਰੇ ਪੂਰਤੀ ਨਹੀਂ ਹੈ ।

ਚਿੱਤਰ -3 ਸੰਪੂਰਣ ਮੁਕਾਬਲੇ ਦੇ ਅਧੀਨ ਸੰਤੁਲਨ ਦਰਸਾਉਂਦਾ ਹੈ:





**Figure-3: Price and Output Determination under Perfect Competition**

ਚਿੱਤਰ -3 ਵਿੱਚ, ਇਹ ਵੇਖਿਆ ਜਾ ਸਕਦਾ ਹੈ ਕਿ ਕੀਮਤ OP 1 ਤੇ, ਮੰਗ ਨਾਲੋਂ ਸਪਲਾਈ ਵਧੇਰੇ ਹੁੰਦੀ ਹੈ. ਇਸ ਲਈ, ਕੀਮਤ ਘਟ ਕੇ ਓ.ਪੀ. ਹੋ ਜਾਵੇਗੀ। ਇਸੇ ਤਰ੍ਹਾਂ, ਕੀਮਤ ਓਪੀ 2 ਤੇ, ਸਪਲਾਈ ਨਾਲੋਂ ਮੰਗ ਵਧੇਰੇ ਹੁੰਦੀ ਹੈ. ਇਸੇ ਤਰ੍ਹਾਂ, ਅਜਿਹੇ ਕੇਸ ਵਿੱਚ, ਕੀਮਤਾਂ ਓਪੀ ਤੱਕ ਵਧਣਗੀਆਂ. ਇਸ ਤਰ੍ਹਾਂ, 'ਈ' ਇਕ ਸੰਤੁਲਨ ਹੈ ਜਿਸ ਤੇ ਸੰਤੁਲਨ ਦੀ ਕੀਮਤ OP ਹੈ ਅਤੇ ਸੰਤੁਲਨ ਮਾਤਰਾ OQ ਹੈ।

## ਭਾਗ: ਸਮਸ਼ਟੀ ਅਰਥਸ਼ਾਸਤਰ

**ਪ੍ਰਸ਼ਨ: ਸਮਸ਼ਟੀ ਅਰਥਸ਼ਾਸਤਰ ਦੇ ਮਹੱਤਵ ਦਾ ਵਰਨਣ ਕਰੋ।**

**ਉੱਤਰ:** ਅਰਥਸ਼ਾਸਤਰ ਵਿਚ ਸਮਸ਼ਟੀ ਅਰਥਸ਼ਾਸਤਰ ਦੀ ਸਿਧਾਂਤਕ ਅਤੇ ਵਿਵਹਾਰਿਕ ਦੋਵਾਂ ਪੱਖਾਂ ਤੋਂ ਬਹੁਤ ਜ਼ਿਆਦਾ ਮਹੱਤਤਾ ਹੈ। ਸਿਧਾਂਤਕ ਪੱਖ ਤੋਂ ਸਮਸ਼ਟੀ ਅਰਥਸ਼ਾਸਤਰ ਅਰਥਵਿਵਸਥਾ ਦੀ ਕਾਰਜਵਿਧੀ ਨੂੰ ਸਮਝਣ ਵਿਚ ਮਦਦ ਕਰਦਾ ਹੈ। ਵਿਵਹਾਰਿਕ ਪੱਖ ਤੋਂ ਸਮਸ਼ਟੀ ਅਰਥਸ਼ਾਸਤਰ ਸਮੁੱਚੀ ਅਰਥਵਿਵਸਥਾ ਨਾਲ ਸੰਬੰਧਤ ਨੀਤੀ ਨਿਰਮਾਣ ਵਿਚ ਮਦਦ ਕਰਦਾ ਹੈ ਤਾਂ ਜੋ ਅਰਥਵਿਵਸਥਾ ਦੀਆਂ ਆਰਥਿਕ ਸਮਸਿਆਵਾਂ ਦਾ ਹੱਲ ਕਰਕੇ ਤੇਜ਼ ਆਰਥਿਕ ਵਿਕਾਸ ਦੀ ਸਥਿਤੀ ਨੂੰ ਪ੍ਰਾਪਤ ਕੀਤਾ ਜਾ ਸਕੇ। ਸਮਸ਼ਟੀ ਅਰਥਸ਼ਾਸਤਰ ਦੀ ਮਹਤਤਾ ਹੇਠ ਲਿਖੇ ਤੱਤਾਂ ਤੋਂ ਸਪਸ਼ਟ ਹੁੰਦੀ ਹੈ:-

1. **ਅਰਥਵਿਵਸਥਾ ਦੀ ਕਾਰਜਵਿਧੀ ਬਾਰੇ ਜਾਣਕਾਰੀ**: ਸਮਸ਼ਟੀ ਅਰਥਸ਼ਾਸਤਰ ਵਿਚ ਸਮੁੱਚੀ ਅਰਥਵਿਵਸਥਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਕਿਸੇ ਅਰਥਵਿਵਸਥਾ ਦਾ ਸਰੂਪ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ। ਸਮੁੱਚੀ ਅਰਥਵਿਵਸਥਾ ਦੀ ਕਾਰਜਵਿਧੀ ਨਾਲ ਸੰਬੰਧਤ ਇਹ ਜਾਣਕਾਰੀ ਮਹੱਤਵਪੂਰਣ ਆਰਥਿਕ ਨਿਰਣੇ ਲੈਣ ਵਿਚ ਬਹੁਤ ਸਹਾਇਕ ਸਿੱਧ ਹੁੰਦੀ ਹੈ। ਇਸ ਤਰਾਂ ਸਮਸ਼ਟੀ ਅਰਥਸ਼ਾਸਤਰ ਅਰਥਵਿਵਸਥਾ ਦੀ ਕਾਰਜਵਿਧੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।
2. **ਆਰਥਿਕ ਨੀਤੀ ਦੇ ਨਿਰਮਾਨ ਵਿਚ ਸਹਾਇਕ**: ਕਿਸੇ ਵੀ ਦੇਸ਼ ਦੀ ਅਰਥਵਿਵਸਥਾ ਸੰਚਾਲਣ ਕਰਨ ਲਈ ਬਣਾਈ ਗਈ ਨੀਤੀ ਨੂੰ ਉਸ ਦੇਸ਼ ਦੀ ਆਰਥਿਕ ਨੀਤੀ ਕਿਹਾ ਜਾਂਦਾ ਹੈ। ਆਰਥਿਕ ਨੀਤੀ ਦੇ ਦੋ ਮੁੱਖ ਭਾਗ ਹੁੰਦੇ ਹਨ-ਮੁਦਰਿਕ ਨੀਤੀ ਅਤੇ ਵਿੱਤੀ ਨੀਤੀ । ਆਰਥਿਕ ਵਿਕਾਸ ਦੀ ਦਰ ਨੂੰ ਪ੍ਰਾਪਤ ਕਰਨ ਲਈ ਉਚਿਤ ਆਰਥਿਕ ਨੀਤੀ ਦਾ ਨਿਰਮਾਨ ਬਹੁਤ ਜ਼ਰੂਰੀ ਹੁੰਦਾ ਹੈ। ਸਮੁਚੀ ਅਰਥਵਿਵਥਾ ਨਾਲ ਸੰਬੰਧਤ ਜਾਣਕਾਰੀ ਪ੍ਰਦਾਨ ਕਰਕੇ ਸਮਸ਼ਟੀ ਅਰਥਸ਼ਾਸਤਰ ਉਚਿਤ ਆਰਥਿਕ ਨੀਤੀ ਦੇ ਨਿਰਮਾਣ ਵਿਚ ਵੀ ਸਹਾਇਕ ਹੁੰਦਾ ਹੈ।
3. **ਸਮਸ਼ਟੀ ਆਰਥਿਕ ਚਰਾਂ ਬਾਰੇ ਜਾਣਕਾਰੀ**: ਸਮੁਚੀ ਅਰਥਵਿਵਸਥਾ ਨਾਲ ਸੰਬੰਧਤ ਆਰਥਿਕ ਜੋੜਾਂ ਅਤੇ ਔਸਤਾਂ ਨੂੰ ਸਮਸ਼ਟੀ ਆਰਥਿਕ ਚਰ ਕਿਹਾ ਜਾਂਦਾ ਹੈ ਜਿਵੇਂ ਕੁੱਲ ਮੰਗ, ਕੁੱਲ ਪੂਰਤੀ , ਕੁੱਲ ਨਿਵੇਸ਼ ਆਦਿ ਸਮਸ਼ਟੀ ਆਰਥਿਕ ਚਰ ਹਨ। ਇਹਨਾਂ ਬਾਰੇ ਮਹੱਤਵਪੂਰਣ ਜਾਣਕਾਰੀ ਸਮਸ਼ਟੀ ਅਰਥਸ਼ਾਸਤਰ ਤੋਂ ਹੀ ਪ੍ਰਾਪਤ ਹੁੰਦੀ ਹੈ।
4. **ਵਪਾਰ ਚੱਕਰਾਂ ਨੂੰ ਨਿਰੰਤਰਿਤ ਕਰਨ ਵਿਚ ਸਹਾਇਕ**: ਆਰਥਿਕ ਗਤੀਵਿਧਆਂ ਵਿਚ ਹੋਣ ਵਾਲੇ ਉਤਰਾਅ-ਚੜਾਅ ਭਾਵ ਵਪਾਰ ਚੱਕਰ ਦੇਸ਼ ਦੀ ਅਰਥਵਿਵਸਥਾ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਦੇ ਹਨ। ਇਸ ਲਈ ਇਹਨਾਂ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਇਹਨਾਂ ਬਾਰੇ ਜਾਣਕਾਰੀ ਸਮਸ਼ਟੀ ਅਰਥਸ਼ਾਸਤਰ ਤੋਂ ਪ੍ਰਾਪਤ ਹੁੰਦੀ ਹੈ।
5. **ਵਿਅਸ਼ਟੀ ਅਰਥਸ਼ਾਸਤਰ ਦੇ ਅਧਿਐਨ ਵਿਚ ਸਹਾਇਕ**: ਵਿਅਸ਼ਟੀ ਅਰਥਸ਼ਾਸਤਰ ਵਿਚ ਵਿਅਕਤੀਗਤ ਆਰਥਿਕ ਇਕਾਈਆਂ ਦਾ ਅਧਿਐਨ ਕੀਤਾ ਜਾਂਦਾ ਹੈ।ਪ੍ਰੰਤੂ ਵਿਅਕਤੀਗਤ ਆਰਥਿਕ ਇਕਾਈਆਂ ਦਾ ਵਿਵਹਾਰ ਸਮੂਹਾਂ ਦੇ ਵਿਵਹਾਰ ਅਤੇ ਪ੍ਰਭਾਵ ਤੋਂ ਸੁਤੰਤਰ ਨਹੀਂ ਹੁੰਦਾ ਹੈ। ਜਿਵੇਂ

ਸਰਕਾਰ ਦੁਆਰਾ ਲਗਾਏ ਗਏ ਟੈਕਸ ਦਾ ਭਾਰ ਮੁੱਖ ਰੂਪ ਵਿਚ ਵਿਅਕਤੀਗਤ ਇਕਾਈਆਂ ਨੂੰ ਸਹਿਣ ਕਰਨਾ ਪੈਂਦਾ ਹੈ। ਇਸੇ ਤਰਾਂ ਇਕ ਫਰਮ ਦਾ ਅਧਿਐਨ ਕਰਨ ਲਈ ਉਦਯੋਗ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੁੰਦਾ ਹੈ। ਇਸ ਤਰਾਂ ਵਿਅਕਤੀਗਤ ਆਰਥਿਕ ਇਕਾਈਆਂ ਦੇ ਅਧਿਐਨ ਭਾਵ ਵਿਅਸ਼ਟੀ ਅਰਥਸ਼ਾਸਤਰ ਦੇ ਅਧਿਐਨ ਵਿਚ ਵੀ ਸਮਸ਼ਟੀ ਅਰਥਸ਼ਾਸਤਰ ਦੀ ਬਹੁਤ ਮਹੱਤਤਾ ਹੈ।

**6. ਰਾਸ਼ਟਰੀ ਆਮਦਨ ਬਾਰੇ ਜਾਣਕਾਰੀ**: ਕਿਸੇ ਨਿਸ਼ਚਿਤ ਸਮੇ ਦੇ ਦੌਰਾਨ ਕਿਸੇ ਦੇਸ਼ ਦੇ ਉਤਪਾਦਨ ਦੇ ਕੁੱਲ ਸਾਧਨਾਂ ਦੁਆਰਾ ਪੈਦਾ ਕੀਤੀਆਂ ਗਈਆਂ ਅੰਤਿਮ ਵਸਤੂਆਂ ਅਤੇ ਸੇਵਾਵਾਂ ਦੇ ਮੁਦਰਿਕ ਮੁੱਲ ਨੂੰ ਉਸ ਦੇਸ਼ ਦੀ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ। ਸਮਸ਼ਟੀ ਅਰਥਸ਼ਾਸਤਰ ਰਾਸ਼ਟਰੀ ਆਮਦਨ ਦੀ ਗਣਨਾ ਵਿਚ ਸਹਾਇਤਾ ਕਰਦਾ ਹੈ ਅਤੇ ਇਹ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਕਿ ਅਰਥਵਿਵਸਥਾ ਵਿਚ ਵੱਖ-ਵੱਖ ਖੇਤਰਾਂ , ਉਦਯੋਗਾਂ ਆਦਿ ਦਾ ਕੀ ਯੋਗਦਾਨ ਹੈ। ਇਹ ਜਾਣਕਾਰੀ ਮਹੱਤਵਪੂਰਣ ਆਰਥਿਕ ਫੈਸਲੇ ਲੈਣ ਵਿਚ ਸਹਾਇਕ ਸਿੱਧ ਹੁੰਦੀ ਹੈ।

**ਪ੍ਰਸ਼ਨ: ਦੋ ਖੇਤਰੀ ਅਰਥਵਿਵਸਥਾ ਮਾਡਲ ਵਿੱਚ ਆਮਦਨ ਤੇ ਉਤਪਾਦਨ ਦੇ ਚੱਕਰੀ ਪ੍ਰਵਾਹ ਦਾ ਵਰਣਨ ਕਰੋ।**

**ਉੱਤਰ:** ਹੇਠਾਂ ਲਿਖੇ ਦੋ ਕਾਰਣਾਂ ਵਜੋਂ ਆਮਦਨ ਦੇ ਪ੍ਰਵਾਹ ਦੇ ਚੱਕਰੀ ਪ੍ਰਵਾਹ ਕਿਹਾ ਜਾਂਦਾ ਹੈ। (1) ਕਿਸੇ ਇਕ ਦਿਸ਼ਾ ਵਿੱਚ ਹੋਣ ਵਾਲੇ ਹਰੇਕ ਵਾਸਤਵਿਕ ਪ੍ਰਵਾਹ ਦੇ ਨਾਲ-ਨਾਲ ਉਸ ਤੋਂ ਉਲੱਟ ਦਿਸ਼ਾ ਵਿੱਚ ਮੁਦਰਾ/ਆਮਦਨ ਦਾ ਪ੍ਰਵਾਹ ਹੁੰਦਾ ਹੈ। **ਉਦਾਹਰਣ** :- ਪਰਿਵਾਰ ਖੇਤਰ ਤੋਂ ਉਤਪਾਦਕ ਖੇਤਰ ਨੂੰ ਹੋਣ ਵਾਲੀਆਂ ਸਾਧਨ ਸੇਵਾਵਾਂ ਦੇ ਪ੍ਰਵਾਹ ( ਜੋ ਵਾਸਤਵਿਕ ਪ੍ਰਵਾਹ ਹੈ) ਦੇ ਨਾਲ-ਨਾਲ ਉਤਪਾਦਨ ਖੇਤਰ ਤੋਂ ਪਰਿਵਾਰ ਖੇਤਰ ਵੱਲ ਸਾਧਨ ਭੁਗਤਾਨਾਂ (ਜੌ ਮੌਦਰਿਕ ਪ੍ਰਵਾਹ ਹੈ) ਦਾ ਪ੍ਰਵਾਹ ਹੁੰਦਾ ਹੈ। (2) ਇਕ ਖੇਤਰ ਨੂੰ ਦੂਜੇ ਖੇਤਰ ਤੋਂ ਜੋ ਪ੍ਰਾਪਤੀਆਂ ਮਿਲਦੀਆਂ ਹਨ ਉਹ ਦੂਜੇ ਖੇਤਰ ਨੂੰ ਕੀਤੇ ਜਾਣ ਵਾਲੇ ਭੁਗਤਾਨ ਦੇ ਬਰਾਬਰ ਹੁੰਦੀਆਂ ਹਨ। ਜੇਕਰ ਪ੍ਰਾਪਤੀਆਂ ਭੁਗਤਾਨਾਂ ਤੋਂ ਘੱਟ ਹਨ ਜਾਂ ਭੁਗਤਾਨ ਪ੍ਰਾਪਤੀਆਂ ਤੋਂ ਘੱਟ ਹਨ ਤਾਂ ਚੱਕਰੀ ਪ੍ਰਵਾਹ ਕਿਸੇ ਇਕ ਜਾਂ ਦੂਜੇ ਬਿੰਦੂ ਤੇ ਯਕੀਨਨ ਰੁੱਕ ਜਾਵੇਗਾ।

**ਦੋ ਖੇਤਰੀ ਮਾਡਲ** :- ਇਸਦੇ ਅੰਤਰਗਤ (1) ਘਰੇਲੂ ਖੇਤਰ ਅਤੇ (2) ਉਤਪਾਦਕ ਖੇਤਰ ਜਾਂ ਫਰਮਾਂ ਦੇ ਮੱਧ ਵਿੱਚ ਹੋਣ ਵਾਲੇ ਆਮਦਨ ਦੇ ਚੱਕਰੀ ਪ੍ਰਵਾਹ ਦਾ ਅਧਿਐਨ ਕੀਤਾ ਜਾਂਦਾ ਹੈ।

**ਆਮਦਨ ਦੇ ਚੱਕਰੀ ਪ੍ਰਵਾਹ ਦਾ ਦੋ ਖੇਤਰੀ ਮਾਡਲ** :- ਆਮਦਨ ਦੇ ਚੱਕਰੀ ਪ੍ਰਵਾਹ ਦੇ ਦੋ ਖੇਤਰੀ ਮਾਡਲ ਵਿੱਚ ਅਰਥਵਿਵਸਥਾ ਦੇ ਦੋ ਖੇਤਰਾਂ ਅਰਥਾਤ (1) ਘਰੇਲੂ ਖੇਤਰ ਅਤੇ (2) ਫਰਮਾਂ ਜਾਂ ਉਤਪਾਦਕ ਖੇਤਰ ਦੇ ਮੱਧ ਵਿੱਚ ਹੋਣ ਵਾਲੇ ਚੱਕਰੀ ਪ੍ਰਵਾਹ ਦਾ ਅਧਿਐਨ ਕੀਤਾ ਜਾਂਦਾ ਹੈ।


**ਮਾਨਤਾਵਾਂ**

**1.**ਅਰਥਵਿਵਸਥਾ ਵਿੱਚ ਕੇਵਲ ਦੋ ਖੇਤਰ ਹਨ (a) ਉਤਪਾਦਕ ਖੇਤਰ : ਇਹ ਖੇਤਰ ਅੰਤਿਮ ਵਸਤੂਆਂ ਅਤੇ ਸੇਵਾਵਾਂ ਨੂੰ ਉਤਪੰਨ ਕਰਦਾ ਹੈ। ਇਹ ਖੇਤਰ ਉਤਪਾਦਨ ਦੇ ਸਾਧਨਾਂ ਦੀਆਂ ਸੇਵਾਵਾਂ ਜਿਵੇਂ-ਕਿਰਤ, ਪੂੰਜੀ ਆਦਿ ਦਾ ਪ੍ਰਯੋਗ ਕਰਦਾ ਹੈ। (b) ਘਰੇਲੂ ਖੇਤਰ : ਇਹ ਖੇਤਰ ਉਤਪਾਦਕ ਖੇਤਰ ਨੂੰ ਉਤਪਾਦਨ ਦੇ ਸਾਧਨਾਂ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਅਤੇ ਉਤਪਾਦਕ ਖੇਤਰ ਦੇ ਦੁਆਰਾ ਉਤਪਾਦਿਤ ਅੰਤਿਮ ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ ਕਰਦਾ ਹੈ।

2.ਸਰਕਾਰ ਦਾ ਆਰਥਿਕ ਕ੍ਰਿਆਵਾਂ ਉੱਤੇ ਪ੍ਰਭਾਵ ਨਹੀਂ ਪੈਂਦਾ ਹੈ।

3. ਅਰਥਵਿਵਸਥਾ ਇੱਕ ਬੰਦ ਅਰਥਵਿਵਸਥਾ ਹੈ ਅਰਥਾਤ ਉਤਪਾਦਕ ਖੇਤਰ ਦੇ ਦੁਆਰਾ ਵਸਤੂਆਂ ਦਾ ਨਿਰਯਾਤ ਜਾਂ ਆਯਾਤ ਨਹੀਂ ਕੀਤਾ ਜਾਂਦਾ ਅਤੇ ਘਰੇਲੂ ਖੇਤਰ ਕੇਵਲ ਘਰੇਲੂ ਉਤਪਾਦਨ ਉੱਤੇ ਨਿਰਭਰ ਰਹਿੰਦਾ ਹੈ।

**ਦੋ ਖੇਤਰੀ ਚੱਕਰੀ ਪ੍ਰਵਾਹ ਮਾਡਲ** :- ਇੱਥੇ ਬਾਹਰ ਦਾ ਚੱਕਰ ਵਾਤਵਿਕ ਪ੍ਰਵਾਹ ਨੂੰ ਪ੍ਰਗਟ ਕਰਦਾ ਹੈ ਅਤੇ ਅੰਦਰ ਦਾ ਚੱਕਰ ਮੌਦਰਿਕ ਪ੍ਰਵਾਹ ਨੂੰ ਪ੍ਰਗਟ ਕਰਦਾ ਹੈ। ਵਾਸਤਵਿਕ ਪ੍ਰਵਾਹ ਤੋਂ ਪਤਾ ਚਲਦਾ ਹੈ ਕਿ ਉਤਪਾਦਨ ਦੇ ਸਧਨਾਂ ਦੀ ਸੇਵਾਵਾਂ ਦਾ ਪ੍ਰਵਾਹ ਘਰੇਲੂ ਖੇਤਰ ਤੋਂ ਉਤਪਾਦਕ ਖੇਤਰ ਜਾਂ ਫਰਮਾਂ ਵੱਲ ਹੁੰਦਾ ਹੈ ਅਤੇ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਵਾਹ ਫਰਮਾਂ ਵੱਲੋਂ ਘਰੇਲੂ ਖੇਤਰ ਵੱਲ ਹੁੰਦਾ ਹੈ। ਮੌਦਰਿਕ ਪ੍ਰਵਾਹ ਤੋਂ ਪਤਾ ਚਲਦਾ ਹੈ ਕਿ ਮਜ਼ਦੂਰੀ, ਲਗਾਨ, ਲਾਭ ਅਤੇ ਵਿਆਜ ਦੇ ਰੂਪ ਵਿੱਚ ਮੌਦਰਿਕ ਆਮਦਨ ਦਾ ਪ੍ਰਵਾਹ ਫਰਮਾਂ ਵੱਲੋਂ ਘਰੇਲੂ ਖੇਤਰ ਵੱਲ ਹੋ ਰਿਹਾ ਹੈ। ਇਸਦੇ ਉਲਟ ਵਸਤੂਆਂ ਅਤੇ ਸੇਵਾਵਾਂ ਦੇ ਉਪਭੋਗ ਉੱਤੇ ਕੀਤੇ ਜਾਣ ਵਾਲੇ ਖਰਚ ਦਾ ਪ੍ਰਵਾਹ ਘਰੇਲੂ ਖੇਤਰ ਤੋ ਉਤਪਾਦਕ ਖੇਤਰ ਜਾਂ ਫਰਮਾਂ ਵੱਲੋਂ ਹੋ ਰਿਹਾ ਹੈ।




ਇਸ ਮਾਡਲ ਤੋਂ ਹੇਠ ਲਿਖੇ ਗਿਆਨ ਪ੍ਰਾਪਤ ਹੁੰਦਾ ਹੈ।

1.ਫਰਮਾਂ ਵੱਲੋਂ ਉਤਪਾਦਿਤ ਕੁੱਲ ਵਸਤੂਆਂ ਅਤੇ ਸੇਵਾਵਾਂ = ਪਰਿਵਾਰਿਕ ਖੇਤਰ ਦੁਆਰਾ ਕੀਤਾ ਗਿਆ ਕੁਲ ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ

2.ਫਰਮਾਂ ਦੁਆਰਾ ਕੀਤਾ ਗਿਆ ਸਾਧਨ ਭੁਗਤਾਨ = ਪਰਿਵਾਰਿਕ ਖੇਤਰ ਦੁਆਰਾ ਪ੍ਰਾਪਤ ਸਾਧਨ ਆਮਦਨ

3.ਪਰਿਵਾਰ ਖੇਤਰ ਦਾ ਉਪਭੋਗ ਖਰਚ = ਪਰਿਵਾਰ ਖੇਤਰ ਦੀ ਆਮਦਨ

4.ਫਰਮਾਂ ਅਤੇ ਪਰਿਵਾਰ ਖੇਤਰ ਦੇ ਉਤਪਾਦਨ ਅਤੇ ਉਪਭੋਗ ਦਾ ਵਾਸਤਵਿਕ ਪ੍ਰਵਾਹ = ਫਰਮਾਂ ਦੇ ਪਰਿਵਾਰ ਖੇਤਰ ਦੀ ਆਮਦਨ ਅਤੇ ਖਰਚ ਦੇ ਮੋਦਰਿਕ ਪ੍ਰਵਾਹ।

ਹਾਲਾਂਕਿ ਗ੍ਰਹਿਸਥ ਆਪਣੀ ਸਾਰੀ ਆਮਦਨ ਨੂੰ ਖਰਚ ਕਰ ਦਿੰਦੇ ਹਨ ਪਰ ਫਿਰ ਵੀ ਉਤਪਾਦਕ ਖੇਤਰ ਦੀ ਕੁਲ ਮੋਦਰਿਕ ਪ੍ਰਾਪਤੀ ਗ੍ਰਹਿਸਥਾਂ ਦੀ ਆਮਦਨ ਅਤੇ ਉਪਭੋਗ ਦੇ ਬਰਾਬਰ ਹੋਵੇਗੀ ਅਰਥਾਤ

**ਉਤਪਾਦਕਾਂ ਦੀ ਮੋਦਰਿਕ ਪ੍ਰਾਪਤੀ = ਗ੍ਰਹਿਸਥਾਂ ਦੀ ਆਮਦਨ = ਗ੍ਰਹਿਸਥਾਂ ਦਾ ਉਪਭੋਗ ਖਰਚ**


ਇਸ ਤਰ੍ਹਾਂ ਅਰਥਵਿਵਸਥਾ ਵਿੱਚ ਕੁਲ ਮੰਗ ਅਤੇ ਕੁੱਲ ਪੂਰਤੀ ਬਰਾਬਰ ਹੋਣਗੇ। ਇਸ ਸਥਿਤੀ ਨੂੰ ਹੀ ਸੰਤੁਲਨ ਦੀ ਸਥਿਤੀ ਕਿਹਾ ਜਾਂਦਾ ਹੈ। ਜਿਸ ਵਿੱਚ ਆਮਦਨ ਦਾ ਚੱਕਰੀ ਪ੍ਰਵਾਹ ਨਿਯਮਿਤ ਰੂਪ ਨਾਲ ਨਿਰੰਤਰ ਚਲਦਾ ਰਹਿੰਦਾ ਹੈ।

ਪ੍ਰਸ਼ਨ3. ਉਪਭੋਗ ਪ੍ਰਵਿਰਤੀ ਦੀਆਂ ਕਿਸਮਾਂ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਰੇਖਾਂ ਚਿੱਤਰ ਰਾਹੀਂ ਸਪਸ਼ੱਟ ਕਰੋ?

ਉੱਤਰ: ਉਪਭੋਗ ਪ੍ਰਵਿਰਤੀ ਦੀਆਂ ਕਿਸਮਾਂ: ਕੇਨਜ਼ ਨੇ ਉਪਭੋਗ ਪ੍ਰਵਿਰਤੀ ਦੀਆਂ ਦੋ ਕਿਸਮਾਂ ਸਪੱਸ਼ਟ ਕੀਤੀਆਂ ਹਨ।

ੳ) ਔਸਤ ਉਪਭੋਗ ਪ੍ਰਵਿਰਤੀ :- ਇਕ ਦੇਸ਼ ਦੇ ਲੋਕ ਆਪਣੀ ਆਮਦਨ ਵਿੱਚੋ ਕਿੰਨੇ ਪੈਸੇ ਉਪਭੋਗ ਤੇ ਖਰਚ ਕਰਦੇ ਹਨ ਇਹਨਾਂ ਦੀ ਅਨੁਪਾਤ ਨੂੰ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਜੇਕਰ ਕੁੱਲ ਆਮਦਨ 100 ਕਰੋੜ ਰੁਪਏ ਹੈ ਅਤੇ ਉਪਭੋਗ ਉਪਰ 60 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ ਤਾਂ ਔਸਤ ਉਪਭੋਗ ਪ੍ਰਵਿਰਤੀ ਇਸ ਪ੍ਰਕਾਰ ਹੋਵੇਗੀ-

AP
ਇਸ
ਜਦੋ
ਉਪ





ਅ)

ਰੇਖਾ ਚਿੱਤਰ 9.2

ਤਬਦੀਲੀ

ਕਰੋੜ ਰੁਪਏ ਹੋ ਜਾਂਦੀ ਹੈ ਤਾਂ ਰਾਸ਼ਟਰੀ ਆਮਦਨ ਵਿੱਚ ਵਾਧਾ (ΔY) = 10 ਕਰੋੜ ਰੁਪਏ ਹੈ। ਸਿੱਟੇ ਵਜੋਂ ਉਪਭੋਗ 60 ਕਰੋੜ ਰੁਪਏ ਤੋ ਵੱਧ ਕੇ 65 ਕਰੋੜ ਰੁਪਏ ਹੋ ਜਾਂਦਾ ਹੈ ਤਾਂ ਉਪਭੋਗ ਵਿੱਚ ਵਾਧਾ 5 ਕਰੋਵ ਰੁਪਏ ਹੈ ਤਾਂ ਇਹਨਾਂ ਵਾਧਿਆ ਦੇ ਸਬੰਧ ਨੂੰ MPC ਕਹਿੰਦੇ ਹਨ।

MPC = ΔC/ΔY = 5/10 = ½ ਜਾਂ 0.5 ਜਾਂ 50%




ਰੇਖਾ ਚਿੱਤਰ 9.3

ਇਸ ਨੂੰ ਰੇਖਾਂ ਚਿੱਤ

ਉਪਭੋਗ 60 ਕਰੋੜ ਰੁਪਏ ਤੋ ਵੱਧ ਕੇ 65 ਕਰੋੜ ਰੁਪਏ ਹੋ ਜਾਂਦਾ ਹੈ। ਰਾਸ਼ਟਰੀ ਆਮਦਨ ਵਿੱਚ ਵਾਧਾ 10 ਕਰੋੜ ਰੁਪਏ ਹੋਣ ਨਾਲ ਉਪਭੋਗ 5

ਕਰੋੜ ਰੁਪਏ ਵੱਧ ਜਾਂਦਾ ਹੇ ਇਹਨਾਂ ਵਾਧਿਆ ਦੇ ਸਬੰਧ ਨੂੰ ਸੀਮਾਂਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੇ ਜੋ ਕਿ ਇਸ ਰੇਖਾਂ ਚਿੱਤਰ 9.3 ਵਿੱਚ MPC $= \Delta C/\Delta Y = 5/10 = ½$ ਜਾਂ 50% ਵਿਖਾਈ ਗਈ ਹੈ।

**ਪ੍ਰਸ਼ਨ: ਉਤਪਾਦਨ ਦੇ ਸੰਤੁਲਨ ਪੱਧਰ ਨਿਰਧਾਰਨ ਦੀ ਕੁੱਲ ਮੰਗ, ਕੁੱਲ ਪੂਰਤੀ ਵਿਧੀ ਦਾ ਵਰਣਨ ਕਰੋ।**

**ਉੱਤਰ:** ਪਰੰਪਰਾਵਾਦੀ ਅਰਸ਼ਾਸਤਰੀਆਂ ਦੇ ਅਨੁਸਾਰ ਅਰਥਵਿਵਸਥਾ ਵਿੱਚ ਸੰਤੁਲਨ ਹਮੇਸ਼ਾਂ ਪੂਰਨ ਰੁਜ਼ਗਾਰ ਦੀ ਸਥਿਤੀ ਤੇ ਹੀ ਨਿਰਧਾਰਿਤ ਹੁੰਦਾ ਹੈ ਭਾਵ ਅਰਥਵਿਵਸਥਾ ਵਿੱਚ ਸੰਤੁਲਨ ਉਸ ਬਿੰਦੂ ਤੇ ਆਉਂਦਾ ਹੈ, ਜਿੱਥੇ ਉਹ ਸਾਰੇ ਲੋਕ ਜੋ ਵਰਤਮਾਨ ਮਜ਼ਦੂਰੀ ਦਰ ਤੇ ਕੰਮ ਕਰਨਾ ਚਾਹੁੰਦੇ ਹਨ ਅਤੇ ਕੰਮ ਨੂੰ ਕਰਨ ਦੇ ਯੋਗ ਹਨ, ਨੂੰ ਕੰਮ ਮਿਲ ਰਿਹਾ ਹੁੰਦਾ ਹੈ ਅਤੇ ਅਰਥਵਿਵਸਥਾ ਵਿੱਚ ਕੋਈ ਵੀ ਅਣਇੱਛਕ ਬੇਰੁਜ਼ਗਾਰੀ ਨਹੀਂ ਪਾਈ ਜਾਂਦੀ।

ਪਰ ਕੇਨਜ਼ ਦੇ ਅਨੁਸਾਰ, ਸੰਤੁਲਨ ਤੋਂ ਭਾਵ ਇਕ ਅਜਿਹੀ ਸਥਿਤੀ ਤੋਂ ਹੁੰਦਾ ਹੈ, ਜਿੱਥੇ ਅਰਥਵਿਵਸਥਾ ਵਿੱਚ ਕੁੱਲ ਮੰਗ ਅਤੇ ਕੁੱਲ ਪੂਰਤੀ ਇਕ ਦੂਜੇ ਦੇ ਬਰਾਬਰ ਹੁੰਦੇ ਹਨ ਜਾਂ ਬੱਚਤ ਅਤੇ ਨਿਵੇਸ਼ ਇਕ ਦੂਜੇ ਦੇ ਬਰਾਬਰ ਹੁੰਦੇ ਹਨ ਅਤੇ ਇਹਨਾਂ ਦੀ ਇਹ ਸਮਾਨਤਾ ਕਿੱਥੇ ਵੀ ਹੋ ਸਕਦੀ ਹੈ ਭਾਵ ਇਹ ਜ਼ਰੂਰੀ ਨਹੀਂ ਹੈ ਕਿ ਇਹ ਦੋਵੇਂ ਸ਼ਕਤੀਆਂ ਹਮੇਸ਼ਾਂ ਪੂਰਨ ਰੁਜ਼ਗਾਰ ਤੇ ਹੀ ਇਕ ਦੂਜੇ ਦੇ ਬਰਾਬਰ ਹੋਣ, ਇਹ ਪੂਰਨ ਰੁਜ਼ਗਾਰ ਤੋਂ ਪਹਿਲਾਂ, ਪੂਰਨ ਰੁਜ਼ਗਾਰ ਦੇ ਪੱਧਰ ਤੇ ਅਤੇ ਪੂਰਨ ਰੁਜ਼ਗਾਰ ਤੋਂ ਬਾਦ ਵੀ ਇਕ ਦੂਜੇ ਦੇ ਬਰਾਬਰ ਹੋ ਸਕਦੀਆਂ ਹਨ ਅਤੇ ਇਹਨਾਂ ਸਾਰੀਆਂ ਵਿੱਚੋਂ ਅਪੂਰਨ ਰੁਜ਼ਗਾਰ ਸੰਤੁਲਨ ਭਾਵ ਜਿੱਥੇ ਅਰਥਵਿਵਸਥਾ ਵਿੱਚ ਸੰਤੁਲਨ ਪੂਰਨ ਰੁਜ਼ਗਾਰ ਤੋਂ ਪਹਿਲਾਂ ਹੀ ਆ ਜਾਂਦਾ ਹੈ, ਸਭ ਤੋਂ ਵਾਸਤਵਿਕ ਸਥਿਤੀ ਹੈ।

ਇਸ ਵਿਧੀ ਦੇ ਮੁਤਾਬਿਕ ਅਰਥਵਿਵਸਥਾ ਵਿੱਚ ਸੰਤੁਲਨ ਉਸ ਬਿੰਦੂ ਤੇ ਨਿਰਧਾਰਿਤ ਹੁੰਦਾ ਹੈ, ਜਿੱਥੇ ਅਰਥਵਿਵਸਥਾ ਵਿੱਚ ਕੁੱਲ ਮੰਗ ਅਤੇ ਕੁੱਲ ਪੂਰਤੀ ਇਕ ਦੂਜੇ ਦੇ ਬਰਾਬਰ ਹੁੰਦੇ ਹਨ। ਭਾਵ

**1. ਕੇਨਜ਼ ਦੇ ਮੁਤਾਬਿਕ ਕੁੱਲ ਮੰਗ ਵੱਕਰ**: ਜਿਵੇਂ ਕਿ ਅਸੀਂ ਪਹਿਲਾਂ ਹੀ ਇਸ ਗੱਲ ਨੂੰ ਸੱਪਸ਼ਟ ਕਰ ਚੁੱਕੇ ਹਾਂ ਕਿ ਕੇਨਜ਼ ਨੇ ਆਪਣੇ ਵਿਸ਼ਲੇਸ਼ਣ ਵਿੱਚ ਕੁੱਲ ਮੰਗ ਨੂੰ ਆਮਦਨ ਦਾ ਫਲਨ ਮੰਨਿਆ ਹੈ, ਜਿਸ ਵਿੱਚ ਆਮਦਨ ਅਤੇ ਕੁੱਲ ਮੰਗ ਵਿੱਚ ਸਿੱਧਾ ਸਬੰਧ ਪਾਇਆ ਜਾਂਦਾ ਹੈ ਭਾਵ ਆਮਦਨ ਦੇ ਵੱਧਣ ਤੇ ਕੁੱਲ ਮੰਗ ਵੱਧਦੀ ਹੈ ਅਤੇ ਆਮਦਨ ਦੇ ਘੱਟਣ ਤੇ ਕੁੱਲ ਮੰਗ ਘੱਟਦੀ ਹੈ ਜਿਸ ਕਰਕੇ ਕੁੱਲ ਮੰਗ ਵੱਕਰ ਉੱਪਰ ਵੱਲ ਜਾਂਦੀ ਹੋਈ ਵੱਕਰ ਹੁੰਦੀ ਹੈ।ਕੇਨਜ਼ ਦੇ ਅਨੁਸਾਰ ਕੁੱਲ ਮੰਗ ਦੋ ਤਰ੍ਹਾਂ ਦੀ ਮੰਗ ਦਾ ਜੋੜ ਹੁੰਦੀ ਹੈ, ਜੋ ਕਿ ਉਪਭੋਗ ਮੰਗ ਅਤੇ ਨਿਵੇਸ਼ ਮੰਗ ਹਨ, ਜੇਕਰ ਇਹਨਾਂ ਦੋਹਾਂ ਨੂੰ ਜੋੜ ਦਿੱਤਾ ਜਾਵੇ, ਤਾਂ ਕੁੱਲ ਮੰਗ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਵਿੱਚ ਹੇਠ ਲਿਖੀ ਪ੍ਰਕਿਰਿਆ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ:

**ਕੁੱਲ ਮੰਗ = ਉਪਭੋਗ ਮੰਗ + ਨਿਵੇਸ਼ ਮੰਗ**

ਕਿਉਂਕਿ ਉਪਭੋਗ ਅਤੇ ਆਮਦਨ ਦੋਵੇਂ ਹੀ ਆਮਦਨ ਤੇ ਨਿਰਭਰ ਕਰਦੇ ਹਨ, ਇਸ ਲਈ ਕੁੱਲ ਮੰਗ ਵੀ ਆਮਦਨ ਤੇ ਨਿਰਭਰ ਕਰਦੀ ਹੈ।

**2. ਕੇਨਜ਼ ਦੇ ਮੁਤਾਬਿਕ ਕੁੱਲ ਪੂਰਤੀ ਵੱਕਰ:** ਕੇਨਜ਼ ਦੇ ਅਨੁਸਾਰ, ਇਕ ਅਰਥਵਿਵਸਥਾ ਵਿੱਚ ਕੁੱਲ ਉਤਪਾਦਨ, ਕੁੱਲ ਪੂਰਤੀ, ਕੁੱਲ ਆਮਦਨ ਅਤੇ ਰੁਜ਼ਗਾਰ ਦਾ ਪੱਧਰ ਹਮੇਸ਼ਾਂ ਇਕ ਦੂਜੇ ਦੇ ਬਰਾਬਰ ਹੁੰਦਾ ਹੈ ਇਸ ਲਈ ਕੇਨਜ਼ ਆਪਣੇ ਵਿਸ਼ਲੇਸ਼ਣ ਵਿੱਚ ਕੁੱਲ ਉਤਪਾਦਨ, ਕੁੱਲ ਪੂਰਤੀ, ਕੁੱਲ ਆਮਦਨ ਅਤੇ ਰੁਜ਼ਗਾਰ ਨੂੰ ਸਮਾਨਰਥੀ ਸ਼ਬਦਾਂ ਦੇ ਤੌਰ ਤੇ ਵਰਤਦੇ ਹਨ। ਇਸ ਦਾ ਕਾਰਨ ਇਹ ਹੈ ਕਿ ਕੇਨਜ਼ ਹਮੇਸ਼ਾਂ ਅਲਪਕਾਲ ਦੀ ਧਾਰਨਾ ਨੂੰ ਮੰਨ ਕੇ ਚਲਦੇ ਹਨ ਜਿਸ ਵਿੱਚ ਉਤਪਾਦਨ ਨੂੰ ਵਧਾਉਣ ਲਈ ਤਕਨੀਕ ਵਿੱਚ ਬਦਲਾਵ ਕਰਨਾ ਸੰਭਵ ਨਹੀ ਹੈ। ਇਸ ਲਈ ਜੇਕਰ ਉਤਪਾਦਨ ਨੂੰ ਵਧਾਉਣਾ ਹੈ, ਤਾਂ ਇਹ ਸਿਰਫ ਪਰਿਵਰਤਨਸ਼ੀਲ ਸਾਧਨ ਭਾਵ ਮਜ਼ਦੂਰਾਂ ਦੀ ਮਾਤਰਾ ਨੂੰ ਵੱਧਾ ਕੇ ਹੀ ਕੀਤਾ ਜਾ ਸਕਦਾ ਹੈ ਭਾਵ ਇਕ ਅਰਥਵਿਵਸਥਾ ਵਿੱਚ ਉਤਪਾਦਨ ਦਾ ਪੱਧਰ ਕਿੰਨਾਂ ਹੋਵੇਗਾ ਇਹ ਅਰਥਵਿਵਸਥਾ ਵਿੱਚ ਰੁਜ਼ਗਾਰ ਦੇ ਪੱਧਰ ਤੇ ਨਿਰਭਰ ਕਰਦਾ ਹੈ ਅਤੇ ਜਿੰਨਾਂ ਰੁਜ਼ਗਾਰ ਦੇ ਪੱਧਰ ਵਿੱਚ ਵਾਧਾ ਹੁੰਦਾ ਹੈ, ਉਨਾਂ ਹੀ ਉਤਪਾਦਨ ਦੇ ਪੱਧਰ ਵਿੱਚ ਵਾਧਾ ਹੁੰਦਾ ਹੈ, ਇਸ ਲਈ ਉਤਪਾਦਨ ਅਤੇ ਰੁਜ਼ਗਾਰ ਨੂੰ ਸਮਾਨਾਰਥੀ ਮੰਨਿਆ ਜਾ ਸਕਦਾ ਹੈ। ਇਸ ਤੋਂ ਬਾਦ ਇਕ ਉਤਪਾਦਕ ਦੁਆਰਾ ਜਿੰਨਾਂ ਉਤਪਾਦਨ ਕੀਤਾ ਜਾਵੇਗਾ, ਉਨੀਂ ਹੀ ਬਜ਼ਾਰ ਵਿੱਚ ਪੂਰਤੀ ਕਰ ਦਿੱਤੀ ਜਾਵੇਗੀ ਭਾਵ ਕੋਈ ਵੀ ਉਤਪਾਦਕ ਅਜਿਹਾ ਨਹੀਂ ਹੋਵੇਗਾ ਜੋ ਆਪਣੇ ਕੋਲ ਉਤਪਾਦਨ ਨੂੰ ਬਚਾ ਕੇ ਰੱਖੇਗਾ, ਇਸ ਲਈ ਉਤਪਾਦਨ ਅਤੇ ਪੂਰਤੀ ਹਮੇਸ਼ਾਂ ਇਕ ਦੂਜੇ ਦੇ ਬਰਾਬਰ ਹੋਣਗੇ। ਇਸ ਤੋਂ ਬਾਦ ਇਕ ਉਤਪਾਦਕ ਦੁਆਰਾ ਜਿੰਨਾਂ ਉਤਪਾਦਨ ਕੀਤਾ ਜਾਵੇਗਾ, ਉਤਪਾਦਨ ਦੇ ਸਾਧਨਾਂ ਦੀ ਮਦਦ ਨਾਲ ਕੀਤਾ ਜਾਵੇਗਾ, ਜਿਸ ਕਰਕੇ ਜਿੰਨਾਂ ਉਤਪਾਦਨ ਹੋਵੇਗਾ, ਉਨੀਂ ਹੀ ਆਮਦਨ ਉਤਪਾਦਨ ਦੇ ਸਾਧਨਾਂ ਨੂੰ ਉਹਨਾਂ ਦੀਆਂ ਸਾਧਨ ਸੇਵਾਵਾਂ ਦੇ ਬਦਲੇ ਪ੍ਰਦਾਨ ਕਰਵਾ ਦਿੱਤੀ ਜਾਵੇਗੀ, ਜਿਸ ਕਰਕੇ ਉਤਪਾਦਨ ਦੇ ਸਾਧਨਾਂ ਨੂੰ ਉਨੀਂ ਹੀ ਆਮਦਨ ਪ੍ਰਾਪਤ ਹੋ ਜਾਵੇਗੀ। ਜਿਸ ਕਰਕੇ ਇਕ ਅਰਥਵਿਵਸਥਾ ਵਿੱਚ ਹੇਠ ਲਿਖੀ ਸਮਾਨਤਾ ਪਾਈ ਜਾਂਦੀ ਹੈ:

**ਕੁੱਲ ਰੁਜ਼ਗਾਰ = ਕੁੱਲ ਉਤਪਾਦਨ = ਕੁੱਲ ਪੂਰਤੀ = ਕੁੱਲ ਆਮਦਨ**

**3. ਕੇਨਜ਼ ਦੇ ਮੁਤਾਬਿਕ ਸੰਤੁਲਨ ਪੱਧਰ ਦਾ ਨਿਰਧਾਰਨ:** ਅਰਥਵਿਵਸਥਾ ਵਿੱਚ ਸੰਤੁਲਨ ਦਾ ਪਤਾ ਕਰਨ ਲਈ ਕੁੱਲ ਮੰਗ ਅਤੇ ਕੁੱਲ ਪੂਰਤੀ ਦਾ ਇਕ ਦੂਜੇ ਦੇ ਬਰਾਬਰ ਹੋਣਾ ਬਹੁਤ ਜ਼ਰੂਰੀ ਹੈ। ਇਸ ਸਮਾਨਤਾ ਨੂੰ ਹੇਠਾਂ ਦਿੱਤੇ ਗਈ ਤਾਲਿਕਾ ਅਤੇ ਰੇਖਾਚਿੱਤਰ ਦੁਆਰਾ ਦਿਖਾਇਆ ਗਿਆ ਹੈ:

| ਰੁਜ਼ਗਾਰ ਦਾ ਪੱਧਰ (ਲੱਖ ਵਿੱਚ) | ਕੁੱਲ ਪੂਰਤੀ (ਕਰੋੜ ਰੁਪਏ ਵਿੱਚ) | ਕੁੱਲ ਮੰਗ ( ਕਰੋੜ ਰੁਪਏ ਵਿੱਚ) |
|---|---|---|
| 0 | 0 | 20 |
| 10 | 10 | 25 |
| 20 | 20 | 30 |
| 30 | 30 | 35 |
| 40 | 40 | 40 |
| 50 | 50 | 45 |
| 60 | 60 | 50 |
| 60 | 60 | 55 |
| 60 | 60 | 60 |

ਉਪਰੋਕਤ ਤਾਲਿਕਾ ਵਿੱਚ ਰੁਜ਼ਗਾਰ ਦੇ ਪੱਧਰ ਨੂੰ ਲੱਖਾਂ ਵਿੱਚ ਦਿਖਾਇਆ ਗਿਆ ਹੈ ਤੇ ਇਸ ਦੇ ਮੁਤਾਬਿਕ ਕੁੱਲ ਪੂਰਤੀ ਨੂੰ ਕਰੋੜ ਰੁਪਏ ਵਿੱਚ ਦਿਖਾਇਆ ਗਿਆ ਹੈ ਜੋ ਕਿ ਰੁਜ਼ਗਾਰ ਵਿੱਚ ਹੋਣ ਵਾਲੇ ਵਾਧੇ ਦੇ ਮੁਤਾਬਿਕ ਵੱਧ ਰਹੀ ਹੈ। ਜਦੋਂ ਸ਼ੁਰੂਆਤ ਵਿੱਚ ਕੁੱਲ ਰੁਜ਼ਗਾਰ ਜਾਂ ਕੁੱਲ ਪੂਰਤੀ ਸਿਫਰ ਹੈ, ਤਾਂ ਵੀ ਕੁੱਲ ਮੰਗ ਦਾ ਪੱਧਰ 20 ਕਰੋੜ ਰੁਪਏ ਹੈ। ਇਹ ਇਸ ਲਈ ਹੈ ਕਿਉਂਕਿ ਕੁੱਲ ਮੰਗ, ਉਪਭੋਗ ਮੰਗ ਅਤੇ ਨਿਵੇਸ਼ ਮੰਗ ਦਾ ਜੋੜ ਹੁੰਦੀ ਹੈ।

ਆਮਦਨ ਦਾ ਪੱਧਰ ਸਿਫਰ ਹੋਣ ਤੇ ਨਾ ਤਾਂ ਉਪਭੋਗ ਮੰਗ ਸਿਫਰ ਹੁੰਦੀ ਹੈ ਅਤੇ ਨਾ ਹੀ ਨਿਵੇਸ਼, ਸਵੈਚਲਿਤ ਨਿਵੇਸ਼ ਹੋਣ ਕਰਕੇ ਸਿਫਰ ਹੁੰਦਾ ਹੈ, ਇਸ ਲਈ ਕੁੱਲ ਮੰਗ ਵੀ ਸਿਫਰ ਨਹੀਂ ਹੁੰਦੀ। ਹੁਣ ਇਸ ਸਥਿਤੀ ਵਿੱਚ ਕੁੱਲ ਮੰਗ, ਕੁੱਲ ਪੂਰਤੀ ਨਾਲੋਂ ਵੱਧ ਹੈ, ਜਿਸ ਕਰਕੇ ਉਤਪਾਦਕਾਂ ਨੂੰ ਵੱਧ ਉਤਪਾਦਨ ਕਰਨ ਦੀ ਪ੍ਰੇਰਨਾ ਪ੍ਰਾਪਤ ਹੋਵੇਗੀ ਕਿਉਂਕਿ ਉਹਨਾਂ ਨੂੰ ਇਹ ਲੱਗੇਗਾ ਕਿ ਅਰਥਵਿਵਸਥਾ ਵਿੱਚ ਕਿਉਂਕਿ ਕੁੱਲ ਮੰਗ, ਕੁੱਲ ਪੂਰਤੀ ਨਾਲੋਂ ਵੱਧ ਹੈ, ਤਾਂ ਉਹਨਾਂ ਨੂੰ ਵੱਧ ਉਤਪਾਦਨ ਕਰਨ ਦੀ ਲੋੜ ਹੈ, ਜਿਸ ਕਰਕੇ ਉਹ ਕੁੱਲ ਪੂਰਤੀ ਵਿੱਚ ਵਾਧਾ ਕਰਣਗੇ। ਇਸ ਤਰ੍ਹਾਂ ਉਹ ਰੁਜ਼ਗਾਰ ਦੇ ਪੱਧਰ ਨੂੰ 40 ਲੱਖ ਤਕ ਲੈ ਜਾਣਗੇ, ਜਿੱਥੇ ਕੁੱਲ ਮੰਗ ਅਤੇ ਕੁੱਲ ਪੂਰਤੀ ਇਕ ਦੂਜੇ ਦੇ ਬਰਾਬਰ ਹਨ। ਹੁਣ ਇਹ ਸਮਾਨਤਾ ਅਰਥਵਿਵਸਥਾ ਵਿੱਚ ਸੰਤੁਲਨ ਨੂੰ ਤਾਂ ਦਿਖਾ ਰਹੀ ਹੈ, ਪਰ ਇਹ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਦਾ ਪੱਧਰ ਨਹੀਂ ਹੈ ਕਿਉਂਕਿ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਦਾ ਪੱਧਰ ਤਾਂ 60 ਲੱਖ ਹੈ, ਪਰ ਇਸ ਸੰਤੁਲਨ ਦੀ ਸਥਿਤੀ ਵਿੱਚ ਕੰਮ ਸਿਰਫ 40 ਲੱਖ ਲੋਕਾਂ ਨੂੰ ਮਿਲ ਰਿਹਾ ਹੈ। ਇਸ ਤੋਂ ਭਾਵ ਇਹ ਹੈ ਕਿ ਅਰਥਵਿਵਸਥਾ ਵਿੱਚ 20 ਲੱਖ ਲੋਕ ਬੇਰੁਜ਼ਗਾਰ ਹਨ ਜਿਸਨੂੰ ਅਣਇੱਛਕ ਬੇਰੁਜ਼ਗਾਰੀ ਕਿਹਾ ਜਾਵੇਗਾ। ਇਹ ਬੇਰੁਜ਼ਗਾਰੀ ਇਸ ਕਰਕੇ ਹੈ ਕਿਉਂਕਿ ਉਤਪਾਦਕਾਂ ਦੇ ਅਨੁਸਾਰ ਜੇਕਰ ਉਹ 60 ਲੱਖ ਮਜ਼ਦੂਰਾਂ ਨੂੰ ਕੰਮ ਦਿੰਦੇ ਹਨ, ਤਾਂ ਇਸ ਨਾਲ ਕੁੱਲ ਪੂਰਤੀ 60 ਕਰੋੜ ਰੁਪਏ ਦੀ ਹੋਵੇਗੀ, ਪਰ ਕਿਉਂਕਿ ਅਰਥਵਿਵਸਥਾ ਵਿੱਚ ਮੰਗ ਸਿਰਫ 40 ਕਰੋੜ ਰੁਪਏ ਦੀ ਹੈ, ਤਾਂ ਉਹ 60 ਲੱਖ ਲੋਕਾਂ ਨੂੰ ਕੰਮ ਦੇ ਕੇ 60 ਕਰੋੜ ਰੁਪਏ ਦੀ ਪੂਰਤੀ ਕਿਉਂ ਕਰਾਉਣਗੇ? ਕਿਉਂਕਿ ਅਰਥਵਿਵਸਥਾ ਵਿੱਚ ਕੁੱਲ ਮੰਗ ਦਾ ਪੱਧਰ ਘੱਟ ਹੈ, ਇਸ ਲਈ ਉਹ ਕੁੱਲ ਪੂਰਤੀ ਵੀ ਘੱਟ ਕਰਣਗੇ ਅਤੇ ਜਿਸ ਕਰਕੇ ਘੱਟ ਮਜ਼ਦੂਰਾਂ ਨੂੰ ਕੰਮ ਪ੍ਰਦਾਨ ਕਰਵਾਉਣਗੇ, ਜਿਸ ਕਰਕੇ ਅਰਥਵਿਵਸਥਾ ਵਿੱਚ ਮੌਜੂਦ ਸਾਰੇ ਲੋਕਾਂ ਨੂੰ ਕੰਮ ਨਹੀਂ ਪ੍ਰਾਪਤ ਹੋਵੇਗਾ ਅਤੇ ਅਰਥਵਿਵਸਥਾ ਸੰਤੁਲਨ ਵਿੱਚ ਤਾਂ ਹੋਵੇਗੀ, ਪਰ ਇਹ ਸੰਤੁਲਨ ਪੂਰਨ ਰੁਜ਼ਗਾਰ ਤੇ ਨਹੀਂ, ਬਲਕਿ ਪੂਰਨ ਰੁਜ਼ਗਾਰ ਤੋਂ ਪਹਿਲਾਂ ਭਾਵ ਅਪੂਰਨ ਰੁਜ਼ਗਾਰ ਤੇ ਹੋਵੇਗਾ।

**ਪ੍ਰਸ਼ਨ: ਹੇਠ ਦਿੱਤੇ ਅੰਕੜਿਆਂ ਤੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਦਾ ਪਤਾ ਕਰੋ।**

| ਰਾਸ਼ਟਰੀ ਆਮਦਨ | ਉਪਭੋਗ ਖਰਚ | ਨਿਵੇਸ਼ | ਕੁੱਲ ਮੰਗ | ਕੁੱਲ ਪੂਰਤੀ |
|---|---|---|---|---|
| 200 | 200 | 100 | | |
| 400 | 350 | 100 | | |
| 600 | 500 | 100 | | |
| 800 | 650 | 100 | | |
| 1000 | 800 | 100 | | |

ਉੱਤਰ:

| ਰਾਸ਼ਟਰੀ ਆਮਦਨ | ਉਪਭੋਗ ਖਰਚ | ਨਿਵੇਸ਼ | ਕੁੱਲ ਮੰਗ | ਕੁੱਲ ਪੂਰਤੀ |
|---|---|---|---|---|
| 200 | 200 | 100 | 300 | 200 |
| 400 | 350 | 100 | 450 | 400 |
| 600 | 500 | 100 | 600 | 600 |
| 800 | 650 | 100 | 750 | 800 |
| 1000 | 800 | 100 | 900 | 1000 |

**ਪ੍ਰਸ਼ਨ: ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਦੀ ਵਿਆਖਿਆ ਕਰੋ**

**ਉੱਤਰ:** ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) (Mechanism (Working) of Investment Multiplier) ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਨਾਲ ਅਰਥਵਿਵਸਥਾ ਵਿਚ ਆਮਦਨ ਦਾ ਸਿਰਜਣ (Income Generation) ਹੁੰਦਾ ਹੈ। ਜਦੋਂ ਨਿਵੇਸ਼ ਗੁਣਕ ਲਾਗੂ ਹੁੰਦਾ ਹੈ, ਤਾਂ ਨਿਸ਼ਚਿਤ ਮਾਤਰਾ ਵਿਚ ਨਿਵੇਸ਼ ਵਿਚ ਵਾਧਾ ਕਰਨ ਨਾਲ ਆਮਦਨ ਵਿਚ ਕਈ ਗੁਣਾ ਵਾਧਾ ਹੁੰਦਾ ਹੈ। ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਨੂੰ ਉਦਾਹਰਣ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ। ਮੰਨ ਲਓ ਅਰਥਵਿਵਸਥਾ ਵਿਚ 200 ਕਰੋੜ ਰੁਪਏ ਦਾ ਨਿਵੇਸ਼ ਹੁੰਦਾ ਹੈ, ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 1/2 ਅਰਥਾਤ 0.5 ਹੈ। ਇਸ ਦਾ ਅਰਥ ਇਹ ਹੈ ਕਿ ਆਮਦਨ ਵਿਚ ਹੋਣ ਵਾਲੇ ਵਾਧੇ ਦਾ ਅੱਧਾ ਹਿੱਸਾ ਉਪਭੋਗ ਉੱਪਰ ਖਰਚ ਕੀਤਾ ਜਾਂਦਾ ਹੈ ਅਤੇ ਬਾਕੀ ਦੇ ਹਿੱਸੇ ਦੀ ਬੱਚਤ ਕਰ ਲਈ ਜਾਂਦੀ ਹੈ। ਅਜਿਹੀ ਸਥਿਤੀ ਵਿਚ, ਅਰਥਵਿਵਸਥਾ ਵਿਚ ਨਿਵੇਸ਼ ਗੁਣਕ ਦੀ ਕਾਰਜਵਿਧੀ ਕਰਕੇ ਆਮਦਨ ਵਿਚ 400 ਕਰੋੜ ਰੁਪਏ ਦਾ ਵਾਧਾ ਹੋਵੇਗਾ।ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ ) ਕਰਕੇ ਅਰਥਵਿਵਸਥਾ ਵਿਚ ਆਮਦਨ ਵਿਚ ਹੋਣ ਵਾਲੇ ਵਾਧੇ ਦੀ ਪ੍ਰਕ੍ਰਿਆ ਨੂੰ ਹੇਠਾਂ ਦਿੱਤੀ ਸੂਚੀ ਦੁਆਰਾ ਸਪੱਸ਼ਟ ਕੀਤਾ ਜਾ ਸਕਦਾ ਹੈ।

ਸੂਚੀ : ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) (Working of Investment Multiplier)

ਮਾਨਤਾਵਾਂ : ਨਿਵੇਸ਼ ਵਿੱਚ ਵਾਧਾ= 200 ਕਰੋੜ ਰੁਪਏ; ਸੀਮਾਂਤ ਉਪਭੋਗ ਪ੍ਰਵ੍ਰਿਤੀ =1/2=0.5,ਨਿਵੇਸ਼ ਗੁਣਕ=2

| **ਸਮਾਂ ਕਾਲ (Time period)** | **ਨਿਵੇਸ਼ ਵਿੱਚ ਵਾਧਾ (ਕਰੋੜ ਰੁਪਏ) Δ I** | **ਆਮਦਨ ਵਿੱਚ ਵਾਧਾ (ਕਰੋੜ ਰੁਪਏ) Δ Y** | **ਉਪਭੋਗ ਵਿੱਚ ਵਾਧਾ(ਕਰੋੜ ਰੁਪਏ) ΔC (MPC= ½)** | **ਬੱਚਤ ਵਿੱਚ ਵਾਧਾ ΔS** |
|---|---|---|---|---|
| 1 | 200 | 200 | 100 | 100 |
| 2 | | 100 | 50 | 50 |
| 3 | | 50 | 25 | 25 |
| 4 | | 25 | 12.5 | 12.5 |
| 5 | | 12.5 | 6.25 | 6.25 |
| 6 | | 6.25 | 3.125 | 3.125 |
| 7 | | 3.125 | 1.56 | 1.56 |
| 8 | | 1.56 | 0.78 | 0.78 |
| 9 | | 0.78 | 0.39 | 0.39 |


| | | | | |
|---|---|---|---|---|
| 10 | | 0.39 | 0.195 | 0.195 |
| 11 | | 0.195 | 0.098 | 0.098 |
| 12 | | 0.098 | 0.049 | 0.049 |
| 13 | | 0.049 | 0.025 | 0.025 |
| **ਜੋੜ** | **200 ਕਰੋੜ ਰੁਪਏ** | **400 ਕਰੋੜ ਰੁਪਏ** | **200 ਕਰੋੜ ਰੁਪਏ** | **200 ਕਰੋੜ ਰੁਪਏ** |

ਉਪਰੋਕਤ ਸੂਚੀ ਦੇ ਕਾਲਮ 2 ਅਤੇ ਕਾਲਮ 3 ਤੋਂ ਸਪੱਸ਼ਟ ਹੁੰਦਾ ਹੈ ਕਿ ਨਿਵੇਸ਼ ਵਿੱਚ 200 ਕਰੋੜ ਰੁਪਏ ਦਾ ਵਾਧਾ ਕਰਨ ਨਾਲ ਆਮਦਨ ਵਿੱਚ ਵੀ 200 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ ਕਿਉਂਕਿ ਸੀਮਾਂਤ ਉਪਭੋਗ ਪ੍ਰਵਿਰਤੀ (MPC) ½ ਹੈ। ਇਸ ਲਈ ਆਮਦਨ ਵਿੱਚ ਹੋਣ ਵਾਲੇ ਵਾਧੇ ਦਾ ਅੱਧਾ ਹਿੱਸਾ ਭਾਵ 100 ਕਰੋੜ ਰੁਪਏ ਉਪਭੋਗ ਉੱਪਰ ਖਰਚ ਕਰ ਦਿੱਤੇ ਜਾਂਦੇ ਹਨ ਅਤੇ ਬਾਕੀ ਦੇ 100 ਕਰੋੜ ਰੁਪਏ ਬੱਚਤ ਦੇ ਰੂਪ ਵਿੱਚ ਰੱਖ ਲਏ ਜਾਂਦੇ ਹਨ।ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਬੱਚਤਾਂ ਨਿਵੇਸ਼ ਗੁਣਕ ਦੀ ਕਾਰਜਵਿਧੀ ਦਾ ਛੇਕ ( Leakage) ਹਨ

$$K = \frac{\Delta Y}{\Delta I} = \frac{400}{200} = 2$$

ਅਤੇ ਇਹ ਨਿਵੇਸ਼ ਗੁਣਕ ਦੀ ਕਾਰਜਵਿਧੀ ਨੂੰ ਕਮਜ਼ੋਰ ਕਰਦੀਆਂ ਹਨ।ਪ੍ਰੰਤੂ ਇੱਕ ਵਿਅਕਤੀ ਦਾ ਉਪਭੋਗ ਖਰਚ ਦੂਜੇ ਵਿਅਕਤੀ ਦੀ ਆਮਦਨ ਹੁੰਦੀ ਹੈ।ਇਸ ਲਈ ਦੂਜੇ ਸਮੇਂ ਕਾਲ ਵਿੱਚ ਆਮਦਨ ਵਿੱਚ 100 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ।ਆਮਦਨ ਵਿੱਚ ਹੋਣ ਵਾਲੇ ਇਸ ਵਾਧੇ ਦਾ ਵੀ ਅੱਧਾ ਹਿੱਸਾ ਭਾਵ 50 ਕਰੋੜ ਰੁਪਏ ਦਾ ਉਪਭੋਗ ਕਰ ਲਿਆ ਜਾਵੇਗਾ ਅਤੇ ਅੱਧਾ ਹਿੱਸਾ ਭਾਵ ਬਾਕੀ 50 ਕਰੋੜ ਰੁਪਏ ਨੂੰ ਬੱਚਤ ਦੇ ਰੂਪ ਵਿੱਚ ਰੱਖ ਲਿਆ ਜਾਵੇਗਾ।ਉਪਭੋਗ ਵਿੱਚ ਹੋਣ ਵਾਲਾ 50 ਕਰੋੜ ਰੁਪਏ ਦਾ ਵਾਧਾ ਤੀਸਰੇ ਸਮੇਂ ਕਾਲ ਵਿੱਚ ਆਮਦਨ ਵਿੱਚ 50 ਕਰੋੜ ਰੁਪਏ ਦਾ ਵਾਧਾ ਕਰੇਗਾ। ਆਮਦਨ – ਉਪਭੋਗ-ਆਮਦਨ ਵਿਚ ਵਾਧੇ ਦੀ ਇਹ ਪ੍ਰਕ੍ਰਿਆ ਲਗਾਤਾਰ ਜਾਰੀ ਰਹੇਗੀ। ਹਰ ਸਮੇਂ ਕਾਲ ਵਿਚ ਬੱਚਤ ਦੀ ਮਾਤਰਾ ਇਸ ਪ੍ਰਕ੍ਰਿਆ ਨੂੰ ਕਮਜ਼ੋਰ ਕਰਦੀ ਜਾਵੇਗੀ ਪਰੰਤੂ ਉਪਭੋਗ ਖ਼ਰਚ ਵਿਚੋਂ ਪੈਦਾ ਹੋਣ ਵਾਲੀ ਆਮਦਨ ਦੇ ਪ੍ਰਭਾਵ ਕਰਕੇ ਅੰਤ ਵਿਚ ਅਰਥਵਿਵਸਥਾ ਵਿਚ ਕੁੱਲ ਆਮਦਨ ਵਿਚ 400 ਕਰੋੜ ਰੁਪਏ ਦਾ ਵਾਧਾ ਹੋਵੇਗਾ। ਭਾਵ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਕਰਕੇ 200 ਕਰੋੜ ਰੁਪਏ ਦੇ ਸ਼ੁਰੂਆਤੀ ਨਿਵੇਸ਼ ਨਾਲ ਆਮਦਨ ਵਿਚ 400 ਕਰੋੜ ਦਾ ਵਾਧਾ ਹੋਵੇਗਾ। ਇਸ ਸਥਿਤੀ ਵਿਚ :

ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਕਰਕੇ ਨਿਵੇਸ਼ ਵਿਚ ਵਾਧਾ ਹੋਣ ਨਾਲ ਆਮਦਨ ਵਿਚ ਕਈ ਗੁਣਾ ਵਾਧਾ ਹੁੰਦਾ ਹੈ । ਨਿਵੇਸ਼ ਗੁਣਕ ਦੀ ਕਾਰਜਵਿਧੀ ਹੇਠਾਂ ਦਿੱਤੇ ਚਿੱਤਰ ਦੁਆਰਾ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ।




ਚਿੱਤਰ ਵਿਚ OX ਉੱਪਰ ਆਮਦਨ ਅਤੇ ਉਤਪਾਦਨ ਦਾ ਪੱਧਰ ਪ੍ਰਗਟ ਕੀਤਾ ਗਿਆ ਹੈ ਜਦਕਿ OY ਅਕਸ ਉੱਪਰ ਕੁੱਲ ਮੰਗ ਅਤੇ ਕੁੱਲ ਪੂਰਤੀ ਨੂੰ ਦਰਸਾਇਆ ਗਿਆ ਹੈ। ਚਿੱਤਰ ਵਿਚ ਸ਼ੁਰੂ ਵਿਚ ਕੁੱਲ ਪੂਰਤੀ ਵੱਕਰ AS ਅਤੇ ਕੁੱਲ ਮੰਗ ਵੱਕਰ AD ਇਕ ਦੂਸਰੇ ਨੂੰ ਬਿੰਦੂ E ਉੱਪਰ ਕੱਟਦੇ ਹਨ ਜੋ ਕਿ ਸੰਤੁਲਨ ਬਿੰਦੂ ਹੈ। ਸੰਤੁਲਨ ਦੀ ਇਸ ਅਵਸਥਾ ਵਿਚ ਆਮਦਨ OY ਹੈ। ਪਰੰਤੂ ਨਿਵੇਸ਼ ਵਿਚ ΔI ਵਾਧਾ ਹੋਣ ਤੇ ਕੁੱਲ ਪੂਰਤੀ ਵੱਕਰ AD ਤੋਂ ਖਿਸਕ ਕੇ AD' ਹੋ ਜਾਂਦਾ ਹੈ। ਇਸ ਸਥਿਤੀ ਵਿਚ ਆਮਦਨ ਵਿਚ ਵਾਧਾ ਹੋਣ ਕਰਕੇ MPC ਦੇ ਆਧਾਰ ਤੇ ਉਪਭੋਗ ਵਿਚ ਵਾਧਾ ਹੁੰਦਾ ਹੈ। ਇਸ ਤੋਂ ਬਾਦ ਦੁਬਾਰਾ ਉਪਭੋਗ ਵਿਚ ਵਾਧਾ ਹੋਣ ਕਰਕੇ ਆਮਦਨ ਵਿਚ ਵਾਧਾ ਹੁੰਦਾ ਹੈ। ਆਮਦਨ-ਉਪਭੋਗ-ਆਮਦਨ ਵਿਚ ਵਾਧੇ ਦੀ ਇਹ ਪ੍ਰਕ੍ਰਿਆ ਬਿੰਦੂ $E_1$ ਦੀ ਪ੍ਰਾਪਤੀ ਤੱਕ ਜਾਰੀ ਰਹਿੰਦੀ ਹੈ। ਬਿੰਦੂ $E_1$ ਉੱਪਰ ਕੁੱਲ ਮੰਗ ਅਤੇ ਕੁੱਲ ਪੂਰਤੀ ਦੁਬਾਰਾ ਇਕ ਦੂਸਰੇ ਦੇ ਬਰਾਬਰ ਹਨ। ਇਸ ਤਰਾਂ $E_1$ ਨਵਾਂ ਸੰਤੁਲਨ ਬਿੰਦੂ ਹੈ। ਸੰਤੁਲਨ ਦੀ ਇਸ ਸਥਿਤੀ ਵਿਚ ਆਮਦਨ $OY_1$ ਹੈ। ਇਸ ਤਰ੍ਹਾਂ ਆਮਦਨ OY ਤੋਂ ਵੱਧ ਕ $OY_1$ ਹੋ ਗਈ ਹੈ ਭਾਵ ਆਮਦਨ ਵਿਚ $YY_1$ ਵਾਧਾ ਹੋਇਆ ਹੈ। ਆਮਦਨ ਵਿਚ ਹੋਣ ਵਾਲਾ ਵਾਧਾ $YY_1$ ਨਿਵੇਸ਼ ਵਿਚ ਹੋਣ ਵਾਲੇ ਵਾਧੇ ΔI ਤੋਂ ਕਈ ਗੁਣਾ ਜ਼ਿਆਦਾ ਹੈ। ਭਾਵ

$$\Delta Y = K.\Delta I \left(\because K = \frac{\Delta Y}{\Delta I}\right)$$

**ਜਾਂ**

$$YY_1 = K.\Delta I$$

ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਨਿਵੇਸ਼ ਗੁਣਕ ਦੀ ਕਾਰਜਪ੍ਰਣਾਲੀ (ਕਾਰਜਵਿਧੀ) ਕਰਕੇ ਨਿਵੇਸ਼ ਵਿਚ ਵਾਧਾ ਹੋਣ ਨਾਲ ਆਮਦਨ ਵਿਚ ਕਈ ਗੁਣਾ ਵਾਧਾ ਹੁੰਦਾ ਹੈ।

**ਪ੍ਰਸ਼ਨ: ਹੇਠ ਦਿੱਤੀ ਆਰਥਿਕ ਸਮੱਸਿਆ ਦਾ ਆਰਥਿਕ ਨੀਤੀ ਨਾਲ ਮਿਲਾਣ ਕਰੋ।**

| ਆਰਥਿਕ ਸਮੱਸਿਆ | ਆਰਥਿਕ ਨੀਤੀ |
|---|---|
| ਵਾਧੂ ਮੰਗ | ਸਸਤੀ ਮੌਦਰਿਕ ਨੀਤੀ |
| ਘੱਟ ਮੰਗ | ਗੈਰ-ਵਿਕਾਸ ਖਰਚ ਵਿੱਚ ਕਮੀ |
| ਬਜਟ ਘਾਟਾ | ਮਹਿੰਗੀ ਮੌਦਰਿਕ ਨੀਤੀ |
| ਬੇਰੁਜ਼ਗਾਰੀ | ਪ੍ਰੱਤਖ ਅਤੇ ਅਪ੍ਰੱਤਖ ਵਿਕਾਸ ਦੇ ਕਾਰਜ |

**ਉੱਤਰ:**

| ਆਰਥਿਕ ਸਮੱਸਿਆ | ਆਰਥਿਕ ਨੀਤੀ |
|---|---|
| ਵਾਧੂ ਮੰਗ | ਮਹਿੰਗੀ ਮੌਦਰਿਕ ਨੀਤੀ |
| ਘੱਟ ਮੰਗ | ਸਸਤੀ ਮੌਦਰਿਕ ਨੀਤੀ |
| ਬਜਟ ਘਾਟਾ | ਗੈਰ-ਵਿਕਾਸ ਖਰਚ ਵਿੱਚ ਕਮੀ |
| ਬੇਰੁਜ਼ਗਾਰੀ | ਪ੍ਰੱਤਖ ਅਤੇ ਅਪ੍ਰੱਤਖ ਵਿਕਾਸ ਦੇ ਕਾਰਜ |

**ਪ੍ਰਸ਼ਨ: ਮੁਦਰਾ ਤੋਂ ਕੀ ਭਾਵ ਹੈ ? ਇਸਦੇ ਮੁੱਖ ਕਾਰਜ ਕਿਹੜੇ ਹਨ ?**

ਉੱਤਰ: ਮੁਦਰਾ ਦੀ ਪਰਿਭਾਸ਼ਾ ਕਿਸੇ ਵੀ ਵਸਤੂ ਦੇ ਰੂਪ ਵਿੱਚ ਦਿੱਤੀ ਜਾ ਸਕਦੀ ਹੈ, ਜਿਸਨੂੰ ਆਮ ਤੌਰ ਤੇ ਵਟਾਂਦਰੇ ਦਾ ਮਾਧਿਅਮ ਸਵੀਕਾਰ ਕੀਤਾ ਜਾਂਦਾ ਹੋਵੇ ਅਤੇ ਇਸਦੇ ਨਾਲ ਹੀ ਜੋ ਮੁੱਲ ਮਾਪਕ ਅਤੇ ਮੁੱਲ ਦੇ ਭੰਡਾਰ ਦਾ ਵੀ ਕੰਮ ਕਰਦੀ ਹੋਵੇ ।

ਕਾਨੂੰਨੀ ਤੌਰ ਤੇ ਮੁਦਰਾ ਕੋਈ ਵੀ ਅਜਿਹੀ ਵਸਤੂ ਹੋ ਸਕਦੀ ਹੈ ਜਿਸਨੂੰ ਕਾਨੂੰਨ ਦੁਆਰਾ ਵਟਾਂਦਰੇ ਦਾ ਮਾਧਿਅਮ ਘੋਸ਼ਿਤ ਕੀਤਾ ਹੋਵੇ ।

ਮੁਦਰਾ ਦੀ ਕਾਰਜਕਾਰੀ ਪਰਿਭਾਸ਼ਾ ਨੂੰ ਸੰਕੁਚਿਤ ਪਰਿਭਾਸ਼ਾ ਮੰਨਿਆ ਜਾਂਦਾ ਹੈ । ਇਸਦੇ ਮੁਤਾਬਿਕ ਮੁਦਰਾ ਵਿੱਚ ਸਿਰਫ ਨੋਟ, ਸਿੱਕੇ, ਮੰਗ ਜਮ੍ਹਾ (ਬੈਂਕਾਂ ਦੁਆਰਾ ਕੱਢੀ ਜਾਣ ਵਾਲੀਆਂ ਜਮ੍ਹਾਵਾਂ) ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ । ਮੁਦਰਾ ਦੀ ਵਿਸਤ੍ਰਿਤ ਪਰਿਭਾਸ਼ਾ ਵਿੱਚ ਮੁਦਰਾ ਦੇ ਹੋਰ ਤੱਤਾਂ ਜਿਵੇਂ ਬੈਂਕਾਂ ਅਤੇ ਡਾਕਖਾਨਿਆਂ ਵਿੱਚ ਅਵਧੀ ਜਮ੍ਹਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ ।

**ਮੁਦਰਾ ਦੇ ਮੁੱਖ ਕਾਰਜ**

ਮੁਦਰਾ ਦੇ ਮੁੱਖ ਕਾਰਜ ਹਨ:-

(i) **ਵਟਾਂਦਰੇ ਦਾ ਮਾਧਿਅਮ** : ਮੁਦਰਾ ਦਾ ਇੱਕ ਮਹੱਤਵਪੂਰਨ ਕੰਮ ਵਟਾਂਦਰੇ ਦਾ ਮਾਧਿਅਮ ਹੈ । ਵਟਾਂਦਰੇ ਦਾ ਅਰਥ ਵਸਤੂਆਂ ਅਤੇ ਸੇਵਾਵਾਂ ਦਾ ਲੈਣ-ਦੇਣ ਹੁੰਦਾ ਹੈ । ਮੁਦਰਾ ਵਸਤੂਆਂ ਨੂੰ ਖਰੀਦਣ ਅਤੇ ਵਿਕਰੀ ਦੋਹਾਂ ਵਿੱਚ ਇੱਕ ਵਿਚੋਲੇ ਦਾ ਕੰਮ ਕਰਦੀ ਹੈ । ਮੁਦਰਾ ਰਾਹੀਂ ਮਨੁੱਖ ਵਸਤੂਆਂ ਨੂੰ ਵੇਚਦਾ ਅਤੇ ਖਰੀਦਦਾ ਹੈ ।

(ii) **ਮੁੱਲ ਦਾ ਮਾਪ ਦੰਡ**: ਮੁਦਰਾ ਦਾ ਦੂਜਾ ਕੰਮ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਨੂੰ ਮਾਪਣਾ ਹੈ । ਮੁਦਰਾ ਲੇਖੇ ਦੀ ਇਕਾਈ ਦੇ ਰੂਪ ਵਿੱਚ ਮੁੱਲ ਦਾ ਮਾਪ ਦੰਡ ਕਰਦੀ ਹੈ । ਹਰੇਕ ਵਸਤੂ ਅਤੇ ਸੇਵਾ ਦਾ ਮੁੱਲ ਮੁਦਰਾ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ ਅਤੇ ਪ੍ਰਗਟ ਕੀਤੀ ਜਾ ਸਕਦੀ ਹੈ । ਮੁਦਰਾ ਰਾਹੀਂ ਵਸਤੂਆਂ ਦੇ ਮੁੱਲ ਨੂੰ ਮਾਪਿਆ ਜਾ ਸਕਦਾ ਹੈ ਅਤੇ ਪ੍ਰਗਟ ਕੀਤਾ ਜਾ ਸਕਦਾ ਹੈ ।

**ਮੁਦਰਾ ਦੇ ਗੌਣ ਕੰਮ**

ਇਸ ਵਰਗ ਵਿੱਚ ਅਸੀਂ ਉਹਨਾਂ ਕੰਮਾਂ ਨੂੰ ਸ਼ਾਮਿਲ ਕਰਦੇ ਹਾਂ ਜੋ ਮੁੱਢਲੇ ਕੰਮਾਂ ਦੇ ਸਹਾਇਕ ਹਨ। ਇਹ ਹਨ:-

(i) **ਸਥਗਿਤ ਭੁਗਤਾਨਾਂ ਦਾ ਮਾਨ** – ਜਿੰਨਾਂ ਲੈਣ-ਦੇਣ ਦਾ ਭੁਗਤਾਨ ਉਸ ਵੇਲੇ ਨਾ ਕਰਕੇ ਭਵਿੱਖ ਵਿੱਚ ਕਰਨ ਲਈ ਸਥਗਿਤ ਕਰ ਦਿੱਤਾ ਜਾਂਦਾ ਹੈ, ਉਸਨੂੰ ਸਥਗਿਤ ਭੁਗਤਾਨ ਕਹਿੰਦੇ ਹਨ । ਕਰਜਿਆਂ ਦੇ ਭੁਗਤਾਨ ਨੂੰ ਵੀ ਸਥਗਿਤ ਭੁਗਤਾਨ ਕਹਿੰਦੇ ਹਨ । ਮੁਦਰਾ ਨਾਲ ਸਥਗਿਤ ਭੁਗਤਾਨਾਂ ਜਾਂ ਉਧਾਰ ਲੈਣ ਦੀ ਵਿਧੀ ਸਰਲ ਬਣ ਗਈ ਹੈ । ਇਹਨਾਂ ਦਾ ਜ਼ਿਆਦਾ ਪ੍ਰਯੋਗ ਖੇਤਾਂ ਅਤੇ ਕਾਰਖਾਨਿਆਂ ਵਿੱਚ ਹੁੰਦਾ ਹੈ । ਇਸਦੇ ਕੁਝ ਔਗੁਣ ਵੀ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਸਹੀ ਕਰਨ ਦੀ ਜ਼ਰੂਰਤ ਹੁੰਦੀ ਹੈ । ਇਸ ਨਾਲ ਖੁਸ਼ਹਾਲੀ ਅਤੇ ਵਿਕਾਸ ਦਾ ਪੱਧਰ ਉੱਚਾ ਹੁੰਦਾ ਹੈ । ਉਤਪਾਦਕਾਂ ਅਤੇ ਸਰਕਾਰ ਰਾਹੀਂ ਰਿਣ ਲੈਣਾ ਸਰਲ ਹੋ ਜਾਂਦਾ ਹੈ ।

(ii) **ਮੁੱਲ ਦਾ ਭੰਡਾਰ** – ਮੁਦਰਾ ਮੁੱਲ ਦੇ ਭੰਡਾਰ ਦੇ ਰੂਪ ਵਿੱਚ ਵੀ ਕੰਮ ਕਰਦੀ ਹੈ । ਮੁੱਲ ਦੇ ਭੰਡਾਰ ਦਾ ਅਰਥ ਹੈ ਕਿ ਮੁਦਰਾ ਨੂੰ ਵਸਤੂਆਂ ਅਤੇ ਸੇਵਾਵਾਂ ਲਈ ਖਰਚ ਕਰਨ ਦਾ ਤੁਰੰਤ ਕੋਈ ਵਿਚਾਰ ਨਹੀਂ ਹੈ । ਹਰੇਕ ਵਿਅਕਤੀ ਆਪਣੇ ਪੈਸੇ ਦਾ ਕੁਝ ਹਿੱਸਾ ਭਵਿੱਖ ਲਈ ਬਚਾਉਂਦਾ ਹੈ । ਇਸਨੂੰ ਹੀ ਮੁੱਲ ਦਾ ਭੰਡਾਰ ਕਿਹਾ ਜਾਂਦਾ ਹੈ । ਮੁਦਰਾ ਦੇ ਰੂਪ ਵਿੱਚ ਕੀਤੀਆਂ ਗਈਆਂ ਬੱਚਤਾਂ, ਵਸਤੂਆਂ ਦੇ ਰੂਪ ਵਿੱਚ ਕੀਤੀਆਂ ਗਈਆਂ ਬੱਚਤਾਂ ਦੀ ਤੁਲਨਾਂ ਵਿੱਚ ਵਧੇਰੇ ਸੁਰੱਖਿਅਤ ਹੁੰਦੀਆਂ ਹਨ । ਇਸਨੂੰ ਮੁਦਰਾ ਦਾ ਪਰਿਸੰਪਤੀ ਕੰਮ ਵੀ ਕਿਹਾ ਜਾਂਦਾ ਹੈ ।

(iii) **ਮੁੱਲ ਦਾ ਹਸਤਾਂਤਰਣ** – ਮੁੱਲ ਦੇ ਹਸਤਾਂਤਰਣ ਤੋਂ ਭਾਵ ਹੈ ਪੂੰਜੀ ਦਾ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਅਤੇ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਭੇਜਣਾ । ਦੇਸ਼ ਦੇ ਸਾਰੇ ਖੇਤਰਾਂ ਦੀ ਵਿਕਾਸ ਪ੍ਰਕਿਰਿਆ ਨੂੰ ਭੇਜ ਕਰਨ ਲਈ ਇਹ ਜ਼ਰੂਰੀ ਹੈ । ਮੁਦਰਾ ਦੇ ਰੂਪ ਵਿੱਚ ਕੋਈ ਵੀ ਮਨੁੱਖ ਇੱਕ ਥਾਂ ਤੋਂ ਆਪਣੀ ਸੰਪਤੀ ਵੇਚ ਕੇ ਦੂਜੀ ਥਾਂ ਤੇ ਖਰੀਦ ਸਕਦਾ ਹੈ । ਇਸਦੇ ਸਿੱਟੇ ਵਜੋਂ ਪੂੰਜੀ ਦੀ ਗਤੀਸ਼ੀਲਤਾ ਵਿੱਚ ਸਹਾਇਤਾ ਮਿਲਦੀ ਹੈ ਅਤੇ ਲੋਕ ਜਿੰਨਾ ਦੀ ਆਮਦਨ ਵੱਧ ਹੁੰਦੀ ਹੈ ਉਹ ਆਪਣੀ ਆਮਦਨ ਅਤੇ ਵਿਆਜ ਕਮਾ ਸਕਦੇ ਹਨ ।

**ਪ੍ਰਸ਼ਨ: ਮੁਦਰਾ ਦੀ ਪਰਿਭਾਸ਼ਾ ਦਿਉ । ਮੁਦਰਾ ਦੇ ਅਚਨਚੇਤੀ ਕਾਰਜਾਂ ਦੀ ਵਿਆਖਿਆ ਕਰੋ ।**

ਉੱਤਰ: ਵਟਾਂਦਰੇ ਨੂੰ ਸਰਲ ਬਣਾਉਣ ਲਈ, ਮੁਦਰਾ ਦਾ ਜਨਮ ਹੋਇਆ ਹੈ । ਇਸ ਤਰ੍ਹਾਂ ਮੁਦਰਾ ਨੂੰ ਆਮ ਤੌਰ ਤੇ ਉਸ ਵਸਤੂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਵਟਾਂਦਰੇ ਦੇ ਮਾਧਿਅਮ ਦੇ ਰੂਪ ਵਿੱਚ ਸਰਲਤਾ ਨਾਲ ਸਵੀਕਾਰ ਕੀਤੀ ਜਾਂਦੀ ਹੈ ।

ਆਦੇਸ਼ ਮੁਦਰਾ ਉਹ ਮੁਦਰਾ ਹੁੰਦੀ ਹੈ ਜੋ ਸਰਕਾਰ ਦੇ ਹੁਕਮ ਨਾਲ ਚੱਲਦੀ ਹੈ । ਇਸ ਵਿੱਚ ਨੋਟ ਅਤੇ ਸਿੱਕੇ ਸ਼ਾਮਿਲ ਹੁੰਦੇ ਹਨ ।

ਵਿਸ਼ਵਾਸਯੋਗ ਮੁਦਰਾ ਉਹ ਮੁਦਰਾ ਨੂੰ ਕਹਿੰਦੇ ਹਨ ਜੋ ਪ੍ਰਾਪਤਕਰਤਾ ਅਤੇ ਅਦਾਕਰਤਾ ਦੇ ਵਿਚਕਾਰ ਆਪਸੀ ਵਿਸ਼ਵਾਸ ਤੇ ਆਧਾਰਿਤ ਹੁੰਦੀ ਹੈ ਜਿਵੇਂ ਚੈੱਕ ।

**ਮੁਦਰਾ ਦਾ ਅਚਨਚੇਤ ਕੰਮ**

(i) **ਸਾਖ ਨਿਰਮਾਣ ਦਾ ਆਧਾਰ** – ਅੱਜ ਲਗਭਗ ਦਾਰੇ ਦੇਸ਼ਾਂ ਵਿੱਚ ਚੈੱਕ, ਡਰਾਫਟ, ਵਟਾਂਦਰਾ ਪੱਤਰ ਆਦਿ ਸਾਖ ਪੱਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ । ਇਹਨਾਂ ਸਾਖ ਪੱਤਰਾਂ ਦਾ ਆਧਾਰ ਮੁਦਰਾ ਹੀ ਹੈ । ਲੋਕ ਆਪਣੀ ਆਮਦਨ ਦਾ ਕੁਝ ਹਿੱਸਾ ਮੁਦਰਾ ਬੈਂਕ ਵਿੱਚ ਜਮ੍ਹਾਂ ਕਰਵਾਉਂਦੇ ਹਨ । ਇਸ ਜਮ੍ਹਾਂ ਪੈਸੇ ਨੂੰ ਚੈੱਕ ਰਾਹੀਂ ਕਢਵਾ ਸਕਦੇ ਹਾਂ ।

(ii) **ਵੱਧ ਤੋਂ ਵੱਧ ਸੰਤੁਸ਼ਟੀ ਦਾ ਮਾਪ** - ਮੁਦਰਾ ਦੇ ਰੂਪ ਵਿੱਚ ਧਨ ਨੂੰ ਖਰਚ ਕਰਕੇ ਇੱਕ ਉਪਭੋਗੀ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਕਰ ਸਕਦਾ ਹੈ ਅਤੇ ਉਤਪਾਦਕ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਦਾ ਹੈ । ਮੁਦਰਾ ਰਾਹੀਂ ਹੀ ਇਸ ਪ੍ਰਕਾਰ ਦੇ ਸਬੰਧ ਦਾ ਅਧਿਐਨ ਸੰਭਵ ਹੋ ਸਕਿਆ ਹੈ ।

(iii) **ਰਾਸ਼ਟਰੀ ਆਮਦਨ ਦੀ ਵੰਡ** - ਰਾਸ਼ਟਰੀ ਆਮਦਨ ਦਾ ਮਾਪ ਅਤੇ ਵੰਡ ਕਰਨੀ ਔਖੀ ਹੁੰਦੀ ਹੈ । ਹੁਣ ਹਰੇਕ ਸਾਧਨ ਨੂੰ ਉਸ ਰਾਹੀਂ ਕੀਤੇ ਗਏ ਕੰਮਾਂ ਦਾ ਉਚਿਤ ਹਿੱਸਾ ਮੁਦਰਾ ਦੇ ਰੂਪ ਵਿੱਚ ਮਿਲ ਜਾਂਦਾ ਹੈ ।

(iv) **ਫੈਸਲੇ ਦਾ ਵਾਹਕ** - ਮੁਦਰਾ ਦੀ ਵਰਤੋਂ ਤੁਸੀਂ ਕਿਸੇ ਵੀ ਫੈਸਲੇ ਲਈ ਕਰ ਸਕਦੇ ਹੋ ਜਿਵੇਂ ਤੁਸੀਂ ਆਪਣੇ ਬੈਂਕ ਵਿੱਚ ਪੈਸੇ ਰੰਗੀਨ ਟੀ.ਵੀ ਖਰੀਦਣ ਲਈ ਜਮ੍ਹਾਂ ਕਰਦੇ ਹੋ ਪਰ ਆਪਣੇ ਭਰਾ ਦੀ ਬੀਮਾਰੀ ਦੇ ਚੱਲਦੇ ਤੁਹਾਨੂੰ ਉਹ ਪੈਸੇ ਆਪਣੇ ਭਰਾ ਦੀ ਬੀਮਾਰੀ ਤੇ ਖਰਚ ਕਰਨੇ ਪੈਂਦੇ ਹਨ । ਇਸ ਤਰ੍ਹਾਂ ਮੁਦਰਾ ਫੈਸਲੇ ਦਾ ਵਾਹਕ ਹੈ ।

(v) **ਰਿਣ ਚੁਕਾਉਣ ਦੀ ਸਮਰੱਥਾ ਦੀ ਗਰੰਟੀ** - ਇੱਕ ਵਿਅਕਤੀ ਕੋਲ ਜਿੰਨਾ ਪੈਸਾ ਜਮ੍ਹਾਂ ਹੁੰਦਾ ਹੈ, ਉਹ ਉਸਦੀ ਰਿਣ ਚੁਕਾਉਣ ਦੀ ਸਮਰੱਥਾ ਹੁੰਦੀ ਹੈ । ਆਪਣੀ ਸੋਧਣ ਸਮਰੱਥਾ ਦੀ ਗਰੰਟੀ ਵਜੋਂ ਮਨੁੱਖ ਆਪਣੇ ਬੈਂਕ, ਡਾਕਘਰਾਂ ਆਦਿ ਵਿੱਚ ਪੈਸਾ ਜਮ੍ਹਾਂ ਰਾਸ਼ੀਆਂ ਦੇ ਰੂਪ ਵਿੱਚ ਜਮ੍ਹਾਂ ਰੱਖਦਾ ਹੈ।

(vi) **ਪੂੰਜੀ ਦੀ ਤਰਲਤਾ ਵਿੱਚ ਵਾਧਾ** - ਮੁਦਰਾ ਰਾਹੀਂ ਪੂੰਜੀ ਤਰਲ ਰਹਿੰਦੀ ਹੈ । ਕੋਈ ਵਿਅਕਤੀ ਜੇਕਰ ਆਪਣੀ ਜਾਇਦਾਦ, ਮਕਾਨ, ਘਰਾਂ, ਦੁਕਾਨ, ਭੂਮੀ ਦੇ ਰੂਪ ਵਿੱਚ ਲੈ ਲੈਂਦਾ ਹੈ ਤਾਂ ਜ਼ਰੂਰਤ ਪੈਣ ਤੇ ਉਹ ਇਹਨਾਂ ਨੂੰ ਵੇਚਕੇ ਦੂਸਰੀ ਥਾਂ ਤੋ ਖਰੀਦ ਲੈਂਦਾ ਹੈ । ਇਹ ਸਾਰਾ ਲੈਣ ਦੇਣ ਮੁਦਰਾ ਦੇ ਰੂਪ ਵਿੱਚ ਹੁੰਦਾ ਹੈ । ਇਸ ਨਾਲ ਪੂੰਜੀ ਦੀ ਤਰਲਤਾ ਵਿੱਚ ਵਾਧਾ ਹੁੰਦਾ ਹੈ ।

**ਪ੍ਰਸ਼ਨ: ਮੁਦਰਾ ਦੇ ਗਤੀਹੀਨ ਅਤੇ ਗਤੀਸ਼ੀਲ ਕਾਰਜਾਂ ਬਾਰੇ ਵਰਣਨ ਕਰੋ ।**

ਉੱਤਰ: ਪ੍ਰੋ: ਕੋਲਬੋਰਨ ਅਤੇ ਪਾਲ ਇੰਜਿੰਗ ਨੇ ਮੁਦਰਾ ਦੇ ਸਾਰੇ ਕਾਰਜਾਂ ਨੂੰ ਸਿਰਫ ਦੋ ਭਾਗਾਂ ਵਿੱਚ ਵੰਡਿਆ ਹੈ :-

(i) **ਗਤੀਹੀਨ ਕਾਰਜ** - ਇਹ ਮੁਦਰਾ ਦੇ ਸਥਿਰ ਕਾਰਜ ਹੁੰਦੇ ਹਨ । ਇਹ ਅਰਥ ਵਿਵਸਥਾ ਵਿੱਚ ਕੋਈ ਗਤੀ ਪੈਦਾ ਨਹੀਂ ਕਰਦੇ । ਇਹਨਾਂ ਵਿੱਚ ਮੁੱਖ ਤੌਰ ਤੇ ਮੁਦਰਾ ਦੇ ਮੁੱਢਲੇ ਅਤੇ ਗੌਣ ਕਾਰਜ ਸ਼ਾਮਿਲ ਹੁੰਦੇ ਹਨ ਜਿਵੇਂ ਵਟਾਂਦਰੇ ਦਾ ਮਾਧਿਅਮ, ਮੁੱਲ ਦਾ ਮਾਪ, ਮੁੱਲ ਦੇ ਇਕੱਠ, ਮੁੱਲ ਦੇ ਹਸਤਾਂਤਰਣ ਅਤੇ ਸਥਗਿਤ ਭੁਗਤਾਨਾਂ ਦਾ ਮਾਨ ਆਦਿ ਕੰਮ ਆਉਂਦੇ ਹਨ ।

(ii) **ਗਤੀਸ਼ੀਲ ਕਾਰਜ** - ਇਹ ਕਾਰਜ ਅਰਥਵਿਵਸਥਾ ਨੂੰ ਗਤੀ ਪ੍ਰਧਾਨ ਕਰਦੇ ਹਨ । ਜਿਵੇਂ ਰੁਜਗਾਰ, ਆਮਦਨ ਅਤੇ ਉਤਪਾਦਨ ਪੱਧਰ ਵਿੱਚ ਵਾਧਾ । ਮੁਦਰਾ ਦੇ ਮੁੱਖ ਗਤੀਸ਼ੀਲ ਕਾਰਜ ਹਨ: (ੳ) ਅਵਸਫੀਤੀ ਅਤੇ ਮੁਦਰਾ ਸਫੀਤੀ ਜਿਹੀਆਂ ਸਥਿਤੀਆਂ ਨੂੰ ਦੂਰ ਕਰਨਾ (ਅ) ਕੁਦਰਤੀ ਸਾਧਨਾਂ ਦਾ ਪੂਰਨ ਉਪਯੋਗ ਸੰਭਵ ਬਣਾਉਣਾ (ੲ) ਅੰਤਰਰਾਸ਼ਟਰੀ ਵਪਾਰ ਦਾ ਵਿਸਥਾਰ ਕਰਨਾ (ਸ) ਸਰਕਾਰ ਤੋਂ ਆਰਥਿਕ ਵਿਕਾਸ ਕਰਵਾਉਣਾ ਆਦਿ ।

**ਪ੍ਰਸ਼ਨ**: ਹੇਠ ਦਿੱਤੇ ਕਾਲਮ 1 ਦਾ ਕਾਲਮ 2 ਨਾਲ ਮਿਲਾਣ ਕਰੋ।

| ਕਾਲਮ 1 | ਕਾਲਮ 2 |
|---|---|
| ਵਪਾਰਕ ਬੈਂਕ | ਮੁਦਰਾ ਦੀ ਵਿਸਤ੍ਰਿਤ ਧਾਰਨਾ |
| ਮੁਦਰਾ | ਮੁਦਰਾ ਦੀ ਸੰਕੁਚਿਤ ਧਾਰਨਾ |
| M1, M2 | ਸਾਖ ਦਾ ਨਿਰਮਾਣ |
| M3, M4 | ਮੁੱਲ ਦਾ ਮਾਪਕ |

ਉੱਤਰ:

| ਕਾਲਮ 1 | ਕਾਲਮ 2 |
|---|---|
| ਵਪਾਰਕ ਬੈਂਕ | ਸਾਖ ਦਾ ਨਿਰਮਾਣ |
| ਮੁਦਰਾ | ਮੁੱਲ ਦਾ ਮਾਪਕ |
| M1, M2 | ਮੁਦਰਾ ਦੀ ਸੰਕੁਚਿਤ ਧਾਰਨਾ |
| M3, M4 | ਮੁਦਰਾ ਦੀ ਵਿਸਤ੍ਰਿਤ ਧਾਰਨਾ |

ਪ੍ਰਸ਼ਨ-1 **ਵਪਾਰਕ ਬੈਂਕਾਂ ਤੋਂ ਤੁਹਾਡਾ ਕੀ ਭਾਵ ਹੈ? ਬੈਂਕਾਂ ਦੇ ਕੰਮ ਕੀ ਹਨ?**

**ਉੱਤਰ. ਵਪਾਰਕ ਬੈਂਕ ਇਕ ਕਿਸਮ ਦੀ ਵਿੱਤੀ ਸੰਸਥਾ ਹੈ ਜੋ ਆਮ ਲੋਕਾਂ ਲਈ ਪੈਸੇ ਜਮ੍ਹਾ ਕਰਨ ਅਤੇ ਕਢਵਾਉਣ, ਨਿਵੇਸ਼ ਲਈ ਕਰਜ਼ੇ ਪ੍ਰਦਾਨ ਕਰਨ, ਅਤੇ ਹੋਰ ਅਜਿਹੀਆਂ ਗਤੀਵਿਧੀਆਂ ਨਾਲ ਸਬੰਧਤ ਸਾਰੇ ਕੰਮ ਕਰਦੀ ਹੈ। ਇਹ ਬੈਂਕ ਮੁਨਾਫਾ ਕਮਾਉਣ ਵਾਲੀਆਂ ਸੰਸਥਾਵਾਂ ਹਨ ਅਤੇ ਲਾਭ ਕਮਾਉਣ ਲਈ ਵਪਾਰ ਕਰਦੇ ਹਨ।**

**ਇੱਕ ਵਪਾਰਕ ਬੈਂਕ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਪੈਸੇ ਜਮਾਂ ਕਰਵਾਉਣਾ ਅਤੇ ਉਧਾਰ ਦੇਣਾ ਹਨ. ਬੈਂਕ ਜਮਾਂ ਸਵਿਕਾਰ ਕਰਦਾ ਹੈ ਅਤੇ ਵਿਆਜ (ਲਾਭ) ਕਮਾਉਣ ਲਈ ਵੱਖ ਵੱਖ ਪ੍ਰੋਜੈਕਟਾਂ ਨੂੰ ਪੈਸੇ ਦਿੰਦਾ ਹੈ।**

**ਵਪਾਰਕ ਬੈਂਕਾਂ ਦੇ ਕੰਮ:** -

**ਵਪਾਰਕ ਬੈਂਕਾਂ ਦੇ ਕੰਮਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:** -

1. **ਮੁੱਖ ਜਾਂ ਮੁੱਢਲੇ ਕਾਰਜ**

2. **ਗੌਣ ਕਾਰਜ**

3. **ਸਮਾਜਿਕ ਕਾਰਜ**

1. **ਮੁੱਖ ਜਾਂ ਮੁੱਢਲੇ ਕਾਰਜ**

ੳ. ਜਮ੍ਹਾਂ ਸਵਿਕਾਰ ਕਰਨਾ - 1) **ਸਥਿਰ ਜਾਂ ਸਮਾਂ ਜਮ੍ਹਾ ਖਾਤਾ** 2) ਚਾਲੂ ਖਾਤਾ 3) ਬਚਤ **ਜਮ੍ਹਾ ਖਾਤਾ** 4) **ਆਵਰਤੀ ਜਮ੍ਹਾਂ ਖਾਤਾ**

ਅ. ਕਰਜੇ ਦੇਣਾ: - 1) ਨਗਦ ਸਾਖ 2) **ਓਵਰਡ੍ਰਾਫਟ** 3) ਮੰਗ ਕਰਜੇ 4) ਅਲਪ ਅਵਧੀ ਕਰਜੇ

ੲ. ਸਾਖ ਨਿਰਮਾਣ

2. ਗੌਣ ਕਾਰਜ

ੳ. ਏਜੰਟ ਦੇ ਰੂਪ ਵਿੱਚ ਕੰਮ: - 1) ਵੱਖ ਵੱਖ ਮਦਾਂ ਨੂੰ ਇੱਕਠਾ ਕਰਨਾ ਅਤੇ ਭੁਗਤਾਨ ਕਰਨਾ 2) ਪ੍ਰਤੀਭੂਤੀਆਂ ਦੀ ਖਰੀਦ ਅਤੇ ਵਿਕਰੀ 3) ਟਰੱਸਟੀ ਅਤੇ ਪ੍ਰਬੰਧਕ 2) ਰੁਪਿਆ ਭੇਜਣਾ 3) ਵਿਦੇਸ਼ੀ ਮੁਦਰਾ ਦੀ ਖਰੀਦ ਅਤੇ ਵਿਕਰੀ 4) ਸੰਦਰਭ ਪੱਤਰ 5) ਨਵੇਂ ਸ਼ੇਅਰਾਂ ਦੇ ਅਣਵਿਕੇ ਅੰਸ਼ਾਂ ਦੇ ਖ਼੍ਰੀਦਣ ਦਾ ਭਰੋਸਾ

2. ਸਧਾਰਣ ਉਪਯੋਗਤਾ ਦੀਆਂ ਸੇਵਾਵਾਂ: - 1) ਲਾਕਰ ਸਹੂਲਤਾਂ 2) ਯਾਤਰੀ ਚੈਕ ਅਤੇ ਸਾਖ ਪ੍ਰਮਾਣ-ਪੱਤਰ 3) ਵਪਾਰਕ ਜਾਣਕਾਰੀ ਅਤੇ ਅੰਕੜੇ 4) ਮਾਲ ਦੀ ਆਵਾਜਾਈ ਵਿੱਚ ਸਹਾਇਤਾ

3. ਸਮਾਜਿਕ ਕਾਰਜ ਜਾਂ ਆਰਥਿਕ ਵਿਕਾਸ ਵਿਚ ਬੈਂਕਾਂ ਦੀ ਭੂਮਿਕਾ.

ੳ) ਪੂੰਜੀ ਨਿਰਮਾਣ

ਅ) ਨਵੀਆਂ ਕਾਢਾਂ ਨੂੰ ਪ੍ਰੇਰਿਤ ਕਰਨਾ

ੲ) ਨਿਵੇਸ਼ ਦੇ ਅਨੁਕੂਲ ਵਿਆਜ ਦਰ

ਸ ਪੇਂਡੂ ਸੈਕਟਰ ਦੇ ਵਿਕਾਸ ਵਿਚ ਯੋਗਦਾਨ

ਹ) ਮਾਰਕੀਟ ਦੀ ਮੰਗ ਵਿੱਚ ਵਾਧਾ

ਕ) ਮੁਦਰਾ ਨੀਤੀ ਨੂੰ ਲਾਗੂ ਕਰਨਾ

ਖ) ਰੁਜ਼ਗਾਰ ਦੇ ਮੌਕੇ

ਪ੍ਰਸ਼ਨ-2 ਵਪਾਰਕ ਬੈਂਕ ਦੇ ਮੁੱਖ ਕਾਰਜ ਕੀ ਹਨ?

ਉੱਤਰ. ਵਪਾਰਕ ਬੈਂਕਾਂ ਦੇ ਮੁਖ ਕਾਰਜ ਇਹ ਹਨ: -

ੳ) ਜਮ੍ਹਾਂ ਸਵੀਕਾਰ ਕਰਨਾ: ਬੈਂਕ ਲੋਕਾਂ ਦੀ ਬਚਤ ਸਵਿਕਾਰ ਕਰਦਾ ਹੈ।ਲੋਕ ਆਪਣੀ ਬੱਚਤ ਨੂੰ ਹੇਠ ਲਿਖੇ ਖਾਤਿਆਂ ਵਿੱਚ ਜਮਾਂ ਕਰਾਉਂਦੇ ਹਨ:-

1) ਨਿਸ਼ਚਿਤਕਾਲੀਨ ਜਾਂ ਮਿਆਦੀ ਜਮਾਂ ਖਾਤਾ

ਨਿਸ਼ਚਿਤਕਾਲੀਨ ਜਾਂ ਮਿਆਦੀ ਜਮਾਂ ਖਾਤਾ ਜਿਸ ਨੂੰ ਟਰਮ ਡਿਪਾਜ਼ਿਟ ਵੀ ਕਿਹਾ ਜਾਂਦਾ ਹੈ ਜਿਸਦਾ ਇਕ ਨਿਸ਼ਚਤ ਕਾਰਜਕਾਲ ਹੁੰਦਾ ਹੈ ਅਤੇ ਗਾਹਕ ਲਈ ਵਿਆਜ ਕਮਾਉਂਦਾ ਹੈ। ਬੈਂਕ ਜਮਾਂ ਕਰਤਾ ਨੂੰ ਜਮਾਂ ਰਕਮ ਦੀ ਇੱਕ ਰਸੀਦ ਦੇ ਦਿੰਦਾ ਹੈ ਜਿਸ ਵਿੱਚ ਜਮਾਂਕਰਤਾ ਦਾ ਨਾਮ, ਜਮਾਂ ਰਾਸ਼ੀ, ਵਿਆਜ ਦੀ ਦਰ ਅਤੇ ਜਮਾਂ ਰਕਮ ਦੀ ਅਵਧੀ ਲਿਖੀ ਜਾਂਦੀ ਹੈ। ਇਹ ਰਸੀਦ ਹਸਤਾਤਰਨਯੋਗ ਨਹੀਂ ਹੁੰਦੀ। ਜੇਕਰ ਜਮਾਂ ਕਰਤਾ ਨੂੰ ਰਕਮ ਦੀ ਲੋੜ ਸਮੇਂ ਤੋਂ ਪਹਿਲਾਂ ਪੈ ਜਾਂਦੀ ਹੈ ਤਾਂ ਬੈਂਕ ਕੁਝ ਕਟੌਤੀ ਜਾਂ ਵਿਆਜ ਕੱਟਕੇ ਉਸ ਨੂੰ ਰਕਮ ਵਾਪਿਸ ਦੇ ਦਿੰਦਾ ਹੈ।ਇਸ ਖਾਤੇ ਵਿੱਚ ਬੈਂਕ ਸੇਵਿੰਗ ਖਾਤੇ ਤੋਂ ਵਧੇਰੇ ਵਿਆਜ ਦਿੰਦੇ ਹਨ।

2) ਆਵਰਤੀ ਜਮਾਂ ਖਾਤਾ: ਇਸ ਸਥਿਤੀ ਵਿੱਚ, ਇੱਕ ਨਿਸ਼ਚਤ ਰਕਮ, ਜਿਵੇਂ ਕਿ ਜਮ੍ਹਾਕਰਤਾ ਦੁਆਰਾ ਨਿਰਧਾਰਤ ਕੀਤੀ ਗਈ ਹੈ, ਕਾਰਜਕਾਲ ਦੇ ਅੰਤ ਤੱਕ ਨਿਯਮਤ ਅੰਤਰਾਲਾਂ ਤੇ ਜਮ੍ਹਾ ਕੀਤੀ ਜਾਂਦੀ ਹੈ. ਜਮ੍ਹਾਂ ਹੋਏ ਵਿਆਜ ਅਤੇ ਪ੍ਰਿੰਸੀਪਲ ਨੂੰ ਕਾਰਜਕਾਲ ਦੇ ਅੰਤ 'ਤੇ ਜਮ੍ਹਾਕਰਤਾ ਨੂੰ ਵਾਪਸ ਦਿੱਤਾ ਜਾਂਦਾ ਹੈ. ਆਵਰਤੀ ਜਮ੍ਹਾਂ ਰਕਮ ਦਾ ਕਾਰਜਕਾਲ ਛੇ ਮਹੀਨਿਆਂ ਤੋਂ ਲੈ ਕੇ 120 ਮਹੀਨਿਆਂ ਤੱਕ ਕੁਝ ਵੀ ਹੋ ਸਕਦਾ ਹੈ।

3) ਚਾਲੂ ਜਮਾਂ ਖਾਤਾ:ਇਸ ਖਾਤੇ ਵਿੱਚ ਜਮਾਂ ਕਰਤਾ ਜਿੰਨੀਵਾਰ ਚਾਹੇ ਰੁਪਿਆ ਜਮਾਂ ਕਰ ਸਕਦਾ ਹੈ। ਇਸ ਖਾਤੇ ਵਿੱਚ ਆਮ ਤੌਰ ਤੇ ਵਪਾਰੀ ਵਰਗ ਰੁਪਿਆ ਜਮਾਂ ਕਰਵਾਉਦਾ ਹੈ ਆਮ ਤੌਰ ਤੇ ਬੈਂਕ ਇਸ ਪ੍ਰਕਾਰ ਦੀ ਜਮਾਂ ਤੇ ਵਿਆਜ ਨਹੀਂ ਦਿੰਦਾ।ਜੇਕਰ ਜਮਾਂ ਦੀ ਰਕਮ ਇਕ ਨਿਊਨਤਮ ਲੋੜੀਂਦੀ ਰਾਸ਼ੀ ਤੋਂ ਘੱਟ ਹੁੰਦੀ ਹੈ ਤਾਂ ਜਮਾਂਕਰਤਾ ਤੋਂ ਬੈਂਕ ਕੁਝ ਸੇਵਾ ਖਰਚ ਵਸੂਲ ਕਰਦਾ ਹੈ।ਇਸ ਖਾਤੇ ਵਿੱਚੋਂ ਰੁਪਿਆ ਆਮ ਤੌਰ ਤੇ ਚੈਕ ਰਾਹੀਂ ਕਢਾਇਆ ਜਾਂਦਾ ਹੈ।ਇਸ ਖਾਤੇ ਵਿੱਚ ਜਮਾਂ ਰਾਸ਼ੀ ਨੂੰ ਬੈਂਕ ਦੀ ਮੰਗ ਦੇਣਦਾਰੀ ਕਿਹਾ ਜਾਂਦਾ ਹੈ।

4) ਬਚਤ ਖਾਤਾ: ਇਹ ਖਾਤਾ ਛੋਟੀਆਂ-2 ਬੱਚਤਾਂ ਨੂੰ ਉਤਸ਼ਾਹਿਤ ਕਰਨ ਲਈ ਹੁੰਦਾ ਹੈ।ਇਸ ਖਾਤੇ ਵਿੱਚੋਂ ਇਕ ਨਿਸ਼ਚਿਤ ਮਾਤਰਾ ਤੱਕ ਹੀ ਰੁਪਈਆ ਕਢਵਾਇਆ ਜਾ ਸਕਦਾ ਹੈ। ਇਸ ਖਾਤੇ ਤੇ ਬੈਂਕ ਵਿਆਜ ਵੀ ਦਿੰਦਾ ਹੈ ਜੋ ਕਿ ਮਿਆਦੀ ਜਮਾਂ ਖਾਤੇ ਦੀ ਵਿਆਜ ਦੀ ਦਰ ਤੋਂ ਘੱਟ ਹੁੰਦਾ ਹੈ।

ਅ) ਕਰਜ਼ੇ ਦੇਣਾ: ਇਸ ਬੈਂਕ ਦਾ ਇਕ ਹੋਰ ਕਾਰਜ ਉੱਦਮੀਆਂ ਅਤੇ ਕਾਰੋਬਾਰੀ ਲੋਕਾਂ ਨੂੰ ਕਰਜ਼ੇ ਦੇਣਾ ਅਤੇ ਵਿਆਜ ਇਕੱਠਾ ਕਰਨਾ ਹੈ। ਹਰੇਕ ਬੈਂਕ ਲਈ, ਇਹ ਮੁਨਾਫਾ ਕਮਾਉਣ ਦਾ ਮੁਖ ਸਰੋਤ ਹੈ. ਇਸ ਪ੍ਰਕਿਰਿਆ ਵਿਚ, ਇਕ ਬੈਂਕ ਇਕ ਰਿਜ਼ਰਵ ਦੇ ਤੌਰ ਤੇ ਥੋੜ੍ਹੀ ਜਿਹੀ ਜਮ੍ਹਾਂ ਰਕਮ ਨੂੰ ਬਰਕਰਾਰ ਰੱਖਦਾ ਹੈ ਅਤੇ ਮੰਗ ਕਰਜੇ, ਓਵਰਡ੍ਰਾਫਟ, ਕੈਸ਼ ਕ੍ਰੈਡਿਟ, ਥੋੜ੍ਹੇ ਸਮੇਂ ਦੇ ਕਰਜ਼ਿਆਂ, ਅਤੇ ਹੋਰ ਅਜਿਹੇ ਬੈਂਕਾਂ ਵਿਚਲੇ ਰਿਣਦਾਤਾਵਾਂ ਨੂੰ ਬਾਕੀ ਰਕਮ ਪੇਸ਼ ਕਰਦਾ ਹੈ (ਉਧਾਰ ਦਿੰਦਾ ਹੈ).

ੲ) ਨਗਦ ਸਾਖ: ਜਦੋਂ ਕਿਸੇ ਗ੍ਰਾਹਕ ਨੂੰ ਕਰੈਡਿਟ ਜਾਂ ਲੋਨ ਦਿੱਤਾ ਜਾਂਦਾ ਹੈ, ਤਾਂ ਉਹ ਤਰਲ ਨਕਦ ਪ੍ਰਦਾਨ ਨਹੀਂ ਕਰਦੇ. ਪਹਿਲਾਂ, ਗਾਹਕ ਲਈ ਇੱਕ ਬੈਂਕ ਖਾਤਾ ਖੋਲ੍ਹਿਆ ਜਾਂਦਾ ਹੈ ਅਤੇ ਫਿਰ ਖਾਤੇ ਵਿੱਚ ਪੈਸੇ ਟ੍ਰਾਂਸਫਰ ਕੀਤੇ ਜਾਂਦੇ ਹਨ. ਇਹ ਪ੍ਰਕਿਰਿਆ ਬੈਂਕ ਨੂੰ ਪੈਸਾ ਬਣਾਉਣ ਦੀ ਆਗਿਆ ਦਿੰਦੀ ਹੈ.

ਸ) ਮੰਗ ਕਰਜੇ: ਕਰਜੇ ਕੁਝ ਨਿਸ਼ਚਤ ਰਕਮ ਲਈ ਦਿੱਤੇ ਜਾਂਦੇ ਹਨ। ਜਦੋਂ ਤੋਂ ਕਰਜ਼ਾ ਪ੍ਰਵਾਨ ਕੀਤਾ ਜਾਂਦਾ ਹੈ ਉਸ ਦਿਨ ਤੋਂ ਸਾਰੀ ਰਕਮ 'ਤੇ ਵਿਆਜ ਵਸੂਲ ਹੁੰਦਾ ਹੈ. ਇਹ ਕਰਜ਼ੇ ਪਰਸਨਲ ਸੁੱਰਖਿਆ ਦੇ ਵਿਰੁੱਧ ਪੇਸ਼ਕਸ਼ ਕੀਤੇ ਜਾਂਦੇ ਹਨ.

ਹ) ਓਵਰਡ੍ਰਾਫਟ ਦੀ ਸਹੂਲਤ: ਬੈਂਕ ਵਿੱਚ ਚਾਲੂ ਜਮਾਂ ਖਾਤਾ ਖੁਲਵਾਉਣ ਵਾਲੇ ਗਾਹਕਾਂ ਨੂੰ ਓਵਰਡ੍ਰਾਫਟ ਦੀ ਸਹੂਲਤ ਦਿੱਤੀ ਜਾਂਦੀ ਹੈ।ਗਾਹਕ ਆਪਣੀ ਜਮਾਂ ਤੋਂ ਵੱਧ ਰਕਮ ਕੱਢਵਾ ਸਕਦਾ ਹੈ ਜਿਸਨੂ ਓਵਰਡ੍ਰਾਫਟ ਕਿਹਾ ਜਾਂਦਾ ਹੈ।ਉਦਾਹਰਣ- ਇਕ ਗਾਹਕ ਦੇ ਬੈਂਕ ਵਿੱਚ 25000 ਰੁਪੇ ਜਮਾਂ ਹਨ ਤਾਂ ਬੈਂਕ ਉਸਨੂੰ 30000 ਰੁਪੇ ਦੇ ਚੈਕ ਕੱਟਣ ਦਾ ਅਧਿਕਾਰ ਦੇ ਦਿੰਦਾ ਹੈ ਤਾਂ 5000 ਰੁਪੇ ਉਵਰਡਰਾਫਟ ਹਨ।

ਸ) ਥੋੜ੍ਹੇ ਸਮੇਂ ਦੇ ਕਰਜ਼ੇ: ਥੋੜ੍ਹੇ ਸਮੇਂ ਦੇ ਕਰਜ਼ਿਆਂ ਵਿੱਚ ਆਮ ਤੌਰ ਤੇ ਕਾਰਜਕਾਰੀ ਪੂੰਜੀ ਨੂੰ ਵਿੱਤ ਦੇਣ ਲਈ ਨਿੱਜੀ ਕਰਜ਼ੇ ਅਤੇ ਕਰਜ਼ੇ ਸ਼ਾਮਲ ਹੁੰਦੇ ਹਨ.

ਪ੍:**ਕੇਂਦਰੀ ਬੈਕ ਦੇ ਮੁਖ ਕਾਰਜ ਲਿਖੋ ?**

**ਭਾਵ:** - ਕੇਂਦਰੀ ਬੈਂਕ ਕਿਸੇ ਦੇਸ਼ ਦੀ ਬੈਂਕਿੰਗ ਅਤੇ ਮੁਦਰਾ ਪ੍ਰਣਾਲੀ ਦਾ ਸਰਵਉਚ ਬੈਂਕ ਹੁੰਦਾ ਹੈ।ਕੇਂਦਰੀ ਬੈਂਕ ਆਰਥਿਕਤਾ ਵਿੱਚ ਉਧਾਰ ਨੂੰ ਨਿਯਮਿਤ ਕਰਦਾ ਹੈ ਤਾਂ ਜੋ ਖਾਸ ਆਰਥਿਕ ਉਦੇਸ਼ ਪ੍ਰਾਪਤ ਕੀਤੇ ਜਾ ਸਕਣ

1.**ਨੋਟ ਜਾਰੀ ਕਰਨਾ**: ਕਿਸੇ ਵੀ ਕੇਂਦਰੀ ਬੈਂਕ ਦਾ ਸਭ ਤੋਂ ਮਹੱਤਵਪੂਰਨ ਕੰਮ ਕਰੰਸੀ ਨੋਟ ਜਾਰੀ ਕਰਨਾ ਹੁੰਦਾ ਹੈ[ ਕੇਂਦਰੀ ਬੈਂਕ ਦੁਆਰਾ ਜਾਰੀ ਕਰੰਸੀ ਨੋਟ ਅਸੀਮਤ ਕਾਨੂੰਨੀ ਟੈਂਡਰ ਦੇ ਰੂਪ ਵਿੱਚ ਹਨ[ ਕਿਉਂਕਿ ਕੇਂਦਰੀ ਬੈਂਕ ਦੀ ਆਰਥਿਕਤਾ ਵਿੱਚ ਨੋਟ-ਮੁੱਦੇ ਉੱਤੇ ਏਕਾਅਧਿਕਾਰ ਹੈ, ਇਸੇ ਕਰਕੇ ਇਸ ਨੂੰ 'ਬੈਂਕ ਆਫ਼ ਇਸ਼ੂ' ਜਾਂ ਬੈਂਕ ਆਫ਼ ਨੋਟ- ਇਸ਼ੂ ਵੀ ਕਿਹਾ ਜਾਂਦਾ ਹੈ।

2. **ਸਰਕਾਰ ਦਾ ਬੈਕ, ਏਜੰਟ ਅਤੇ ਸਲਾਹਕਾਰ:-** ਕੇਂਦਰੀ ਬੈਂਕ ਦੇਸ਼ ਦੀ ਸਰਕਾਰ ਦਾ ਸ਼ਾਹੂਕਾਰ, ਏਜੰਟ ਅਤੇ ਸਲਾਹਕਾਰ ਹੁੰਦਾ ਹੈ[ ਇਸੇ ਕਰਕੇ ਇਸਨੂੰ ਸਰਕਾਰ ਦਾ ਬੈਂਕ ਵੀ ਕਿਹਾ ਜਾਂਦਾ ਹੈ[ ਸਰਕਾਰ ਦੇ ਬੈਂਕਰ ਹੋਣ ਦੇ ਨਾਤੇ, ਇਹ ਸਰਕਾਰ ਨੂੰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਸਰਕਾਰ ਦੇ ਵੱਖ ਵੱਖ ਵਿਭਾਗ ਜਿਹਨਾਂ ਦੇ ਇਸਦੇ ਆਪਣੇ ਖਾਤੇ ਹਨ[ ਇਹ ਸਰਕਾਰੀ ਪ੍ਰਤੀਭੂਤੀਆਂ ਅਤੇ ਖਜ਼ਾਨੇ ਦੇ ਬਿੱਲਾਂ ਆਦਿ ਦੀ ਵਿਕਰੀ ਅਤੇ ਖਰੀਦ ਦੀ ਸਹੂਲਤ ਦਿੰਦਾ ਹੈ।ਆਰਬੀਆਈ ਵੀ ਇਹ ਕਾਰਜਾਂ ਨੂੰ ਪੂਰਾ ਕਰਦਾ ਹੈ।

3.**ਬੈਕਾਂ ਦਾ ਬੈਕ** :- ਕੇਂਦਰੀ ਬੈਂਕ ਦੇਸ਼ ਦੇ ਵਪਾਰਕ ਬੈਂਕਾਂ ਦਾ ਬੈਂਕ ਹੈ।ਵਪਾਰਕ ਬੈਂਕ ਆਪਣੀ ਜਮ੍ਹਾਂ ਰਕਮ ਕੇਂਦਰੀ ਬੈਂਕ ਕੋਲ ਰੱਖਦੇ ਹਨ ਅਤੇ ਉਹ ਕੇਂਦਰੀ ਬੈਂਕ ਤੋਂ ਉਦੋਂ ਹੀ ਉਧਾਰ ਲੈਂਦੇ ਹਨ ਜਦੋਂ ਇਸਦੀ ਜ਼ਰੂਰਤ ਹੁੰਦੀ ਹੈ[ ਬਹੁਤ ਸਾਰੇ ਦੇਸ਼ਾਂ ਵਿੱਚ, ਵਪਾਰਕ ਬੈਂਕਾਂ ਲਈ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਜਮ੍ਹਾਂ ਰਕਮ ਦਾ ਇੱਕ ਵਿਸ਼ੇਸ਼ ਹਿੱਸਾ ਕੇਂਦਰੀ ਬੈਂਕ ਕੋਲ ਰੱਖਣ।

4.**ਬੈਂਕਿੰਗ ਪ੍ਰਣਾਲੀ ਦੀ ਨਿਗਰਾਨੀ**:- ਬੈਂਕਿੰਗ ਪ੍ਰਣਾਲੀ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਕੇਂਦਰੀ ਬੈਂਕ`ਤੇ ਵੀ ਨਿਰਭਰ ਕਰਦੀ ਹੈ[ ਨਵੇਂ ਬੈਂਕਾਂ ਨੂੰ ਲਾਇਸੈਂਸ ਦੇਣਾ, ਵਪਾਰਕ ਬੈਂਕਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ, ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਬੈਂਕਿੰਗ ਪ੍ਰਣਾਲੀ ਦਾ ਵਿਸਥਾਰ ਕਰਨਾ, ਬੈਂਕ ਦਾ ਅਭੇਦ ਹੋਣਾ ਆਦਿ ਰਿਜ਼ਰਵ ਬੈਂਕ ਦੇ ਕੰਮ ਹਨ।

5.**ਅੰਤਿਮ ਰਿਣਦਾਤਾ**:- ਕੇਂਦਰੀ ਬੈਂਕ ਦੇਸ਼ ਵਿਚ ਅੰਤਮ ਰਿਜੋਰਟ ਦਾ ਰਿਣਦਾਤਾ ਹੈ[ ਜਦੋਂ ਵਪਾਰਕ ਬੈਂਕਾਂ ਨੂੰ ਕਿਸੇ ਹੋਰ ਸਰੋਤ ਤੋਂ ਕਰਜ਼ਾ ਨਹੀਂ ਮਿਲਦਾ, ਤਾਂ ਉਹ ਕੇਂਦਰੀ ਬੈਂਕ ਤੋਂ ਕਰਜ਼ਾ ਲੈ ਸਕਦੇ ਹਨ।

6.**ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਦਾ ਰਖਿਅਕ :-** ਕੇਂਦਰੀ ਬੈਂਕ, ਜਿਵੇਂ ਕਿ ਭਾਰਤ ਵਿੱਚ ਆਰਬੀਆਈ, ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ ਰਖਵਾਲਾ ਵੀ ਹੈ।ਬਹੁਤ ਸਾਰੇ ਦੇਸ਼ਾਂ ਵਿੱਚ, ਕੇਂਦਰੀ ਬੈਂਕ ਦੀ ਵਿਦੇਸ਼ੀ ਮੁਦਰਾ ਰਿਜ਼ਰਵ ਦੇ ਘੱਟੋ ਘੱਟ ਪੱਧਰ ਨੂੰ ਬਣਾਈ ਰੱਖਣਾ ਕਾਨੂੰਨੀ ਮਜਬੂਰੀ ਹੈ।

7.**ਸਾਖ ਦਾ ਨਿਯੰਤਰਣ**:- ਕੇਂਦਰੀ ਬੈਂਕ ਵਪਾਰਕ ਬੈਂਕਾਂ ਦੁਆਰਾ ਕਰਜ਼ਾ ਸਿਰਜਣਾ ਨੂੰ ਨਿਯਮਿਤ ਕਰਦਾ ਹੈ ਤਾਂ ਜੋ ਦੇਸ਼ ਵਿੱਚ ਆਰਥਿਕ ਸਥਿਰਤਾ ਦੇ ਨਾਲ ਵਿਸ਼ੇਸ਼ ਆਰਥਿਕ ਉਦੇਸ਼ ਪ੍ਰਾਪਤ ਹੋ ਸਕਣ[ ਇਸਨੂੰ ਕੇਂਦਰੀ ਬੈਂਕ ਦੁਆਰਾ ਕਰਜ਼ੇ ਦੇ ਨਿਯੰਤਰਣ ਵਜੋਂ ਜਾਣਿਆ ਜਾਂਦਾ ਹੈ। ਇਸਦੇ ਉਲਟ, ਜਦੋਂ ਆਰਥਿਕਤਾ ਵਿੱਚ ਤੇਜ਼ੀ ਆਉਂਦੀ ਹੈ, ਕੇਂਦਰੀ ਬੈਂਕ ਕ੍ਰੈਡਿਟ ਸੰਕੁਚਨ ਲਈ ਪਿਆਰੀ ਮੁਦਰਾ ਨੀਤੀ ਅਪਣਾਉਂਦਾ ਹੈ।

8.**ਭੁਗਤਾਨ ਘਰ ਦਾ ਕਾਰਜ :-** ਹਰ ਬੈਂਕ ਦੂਜੇ ਬੈਂਕਾਂ ਨੂੰ ਚੈਕ ਅਤੇ ਡਰਾਫਟ ਜਾਰੀ ਕਰਦਾ ਹੈ ਅਤੇ ਇਹ ਦੂਜੇ ਬੈਂਕਾਂ ਦੁਆਰਾ ਜਾਰੀ ਕੀਤੇ ਗਏ ਚੈੱਕਾਂ ਅਤੇ ਡਰਾਫਟ ਨੂੰ ਵੀ ਸਵੀਕਾਰਦਾ ਹੈ[ ਇਨ੍ਹਾਂ ਚੈਕਾਂ ਅਤੇ ਡਰਾਫਟਾਂ ਦਾ ਭੁਗਤਾਨ ਇਕ-ਇਕ ਕਰਕੇ ਸੁਲਝਾਉਣਾ ਬਹੁਤ ਮੁਸ਼ਕਲ ਹੈ[ ਇਹ ਪ੍ਰਕਿਰਿਆ ਦੇਸ਼ ਦੀ ਬੈਂਕਿੰਗ ਪ੍ਰਣਾਲੀ ਨੂੰ ਮਜ਼ਬੂਤ ਅਤੇ ਲਾਭ ਪਹੁੰਚਾਉਂਦੀ ਹੈ[ ਆਰਬੀਆਈ ਭਾਰਤ ਵਿਚ ਭੁਗਤਾਨ ਘਰ ਦਾ ਕਾਰਜ ਕਰਦਾ ਹੈ।

9.**ਆਰਥਿਕ ਵਿਕਾਸ ਦਾ ਪ੍ਰੋਤਸਾਹਕ :-** ਅਜੋਕੇ ਸਮੇਂ ਵਿੱਚ, ਆਪਣੇ ਰਵਾਇਤੀ ਕਾਰਜਾਂ ਨੂੰ ਕਰਨ ਤੋਂ ਇੱਕ ਹਿੱਸਾ ਕੇਂਦਰੀ ਬੈਂਕ ਅਰਥ ਵਿਵਸਥਾ ਵਿੱਚ ਆਰਥਿਕ ਵਿਕਾਸ ਦੇ ਪ੍ਰਮੋਟਰ ਵਜੋਂ ਵੀ ਕੰਮ ਕਰਦਾ ਹੈ। ਅਜਿਹਾ ਕਰਨ ਲਈ, ਕੇਂਦਰੀ ਬੈਂਕ ਆਪਣੀ ਮੁਦਰਾ ਨੀਤੀ ਦੇ ਤਹਿਤ ਬਹੁਤ ਸਾਰੇ ਕਦਮ ਉਠਾਉਂਦਾ ਹੈ।

10.**ਅੰਕੜੇ ਇੱਕਠਾ ਕਰਨਾ** :-ਸਾਡੇ ਦੇਸ਼ ਦਾ ਕੇਂਦਰੀ ਬੈਂਕ ਵੀ ਆਰਥਿਕ ਹਾਲਤਾਂ, ਵੱਖ ਵੱਖ ਸੈਕਟਰਾਂ ਅਤੇ ਵੱਖ ਵੱਖ ਆਰਥਿਕ ਗਤੀਵਿਧੀਆਂ ਬਾਰੇ ਵਿਸਥਾਰਤ ਅੰਕੜੇ ਇਕੱਤਰ ਕਰਦਾ ਹੈ ਅਤੇ ਪ੍ਰਕਾਸ਼ਤ ਕਰਦਾ ਹੈ ਆਰਥਿਕਤਾ ਆਰਬੀਆਈ ਭਾਰਤੀ ਅਰਥਵਿਵਸਥਾ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਤ੍ਰਿਤ ਅੰਕੜੇ ਵੀ ਇਕੱਤਰ ਕਰਦਾ ਹੈ।

**ਪ੍ਰਸ਼ਨ: ਸਰਕਾਰੀ ਬੱਜਟ ਤੋਂ ਕੀ ਭਾਵ ਹੈ ? ਬਜਟ ਦੇ ਉਦੇਸ਼ ਦੱਸੋ ?**

**ਉੱਤਰ:** ਸਰਕਾਰੀ ਬੱਜਟ: ਬਜਟ ਆਉਣ ਵਾਲੇ ਇੱਕ ਸਾਲ ਲਈ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਖਰਚ ਦਾ ਬਿਉਰਾ ਹੁੰਦਾ ਹੈ । ਭਾਵ ਬਜਟ ਵਿੱਚ ਦੱਸਿਆ ਜਾਂਦਾ ਹੈ ਕਿ ਸਰਕਾਰ ਕਿਹੜੇ-ਕਿਹੜੇ ਸਾਧਨਾਂ ਤੋਂ ਪੈਸਾ ਇਕੱਠਾ ਕਰੇਗੀ ਅਤੇ ਕਿਹੜੇ-ਕਿਹੜੇ ਕੰਮਾਂ ਉੱਪਰ ਖਰਚ ਕਰੇਗੀ । ਭਾਰਤ ਵਿੱਚ ਹਰ ਸਾਲ 1 ਫਰਵਰੀ ਨੂੰ ਬਜਟ ਪੇਸ਼ ਕੀਤਾ ਜਾਂਦਾ ਹੈ ਜਿਹੜਾ ਕਿ ਆਉਣ ਵਾਲੇ 1 ਸਾਲ ਭਾਵ ( 1 ਅਪ੍ਰੈਲ ਤੋਂ 31 ਮਾਰਚ ) ਲਈ ਹੁੰਦਾ ਹੈ । ਬਜਟ ਵਿੱਚ ਜ਼ਿਆਦਾ ਜ਼ੋਰ ਤਾਂ ਆਉਣ ਵਾਲੇ ਸਮੇਂ ਦੀ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖਰਚ ਤੇ ਹੀ ਹੁੰਦਾ ਹੈ ।ਸਰਕਾਰੀ ਬਜਟ ਇੱਕ ਵਿੱਤੀ ਸਾਲ ਦੀ ਮਿਆਦ ਦੇ ਦੌਰਾਨ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਖਰਚਿਆਂ ਦਾ ਵਿਵਰਣ ਹੁੰਦਾ ਹੈ ।

**ਸਰਕਾਰੀ ਬਜਟ ਦੇ ਉਦੇਸ਼:**

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਬਜਟ ਦੇ ਉਦੇਸ਼ ਹੇਠ ਲਿਖੇ ਹਨ:-

1. **GDP ਵਾਧਾ :** GDP ਵਾਧਾ ਸਰਕਾਰ ਦੀ ਬਜਟ ਨੀਤੀ ਦਾ ਕੇਂਦਰੀ ਉਦੇਸ਼ ਹੈ । ਇਹ ਦੋ ਪ੍ਰਕਾਰ ਨਾਲ ਹੁੰਦਾ ਹੈ ।

(i) ਸ਼ਰਵਜਨਕ ਨਿਵੇਸ਼ ਖਰਚ ਦੇ ਦੁਆਰਾ ।

(ii) ਨਿੱਜੀ ਨਿਵੇਸ਼ ਨੂੰ ਪ੍ਰੋਤਸਾਹਿਤ ਕਰਕੇ ਕਰ ਛੋਟ ਅਤੇ ਆਰਥਿਕ ਸਹਾਇਤਾ ਦੁਆਰਾ।

2. **ਆਰਥਿਕ ਸਥਿਰਤਾ :**

ਬਜਟ ਦਾ ਉਦੇਸ਼ ਹੈ ਕਿ ਦੇਸ਼ ਵਿੱਚ ਨਾ ਤਾਂ ਕੀਮਤਾਂ ਜ਼ਿਆਦਾ ਵੱਧਣ ਤੇ ਨਾ ਹੀ ਜ਼ਿਆਦਾ ਘਟਣ ਕਿਉਂਕਿ ਜ਼ਿਆਦਾ ਵੱਧ ਜਾਂ ਘੱਟ ਰਹੀਆਂ ਕੀਮਤਾਂ ਅਰਥਵਿਵਸਥਾ ਲਈ ਜ਼ਿਆਦਾ ਹਾਨੀਕਾਰਕ ਹੁੰਦੀਆਂ ਹਨ । ਇਸ ਲਈ ਸਰਕਾਰ ਬਜਟ ਦੀ ਨੀਤੀ ਰਾਹੀਂ ਆਰਥਿਕ ਸਥਿਰਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੀ ਹੈ ।

ਜੇਕਰ ਦੇਸ਼ ਵਿੱਚ ਕੀਮਤਾਂ ਵੱਧ ਰਹੀਆਂ ਹੁੰਦੀਆਂ ਹਨ ਤਾਂ ਸਰਕਾਰ ਕੀਮਤਾਂ ਨੂੰ ਘੱਟ ਕਰਨ ਲਈ ਲੋਕਾਂ ਉੱਪਰ ਟੈਕਸ ਜ਼ਿਆਦਾ ਲਗਾਉਂਦੀ ਹੈ ਅਤੇ ਖ਼ਰਚ ਘੱਟ ਕਰਦੀ ਹੈ । ਇਸ ਤੋਂ ਉਲਟ ਜੇਕਰ ਦੇਸ਼ ਵਿੱਚ ਕੀਮਤਾਂ ਘੱਟ ਰਹੀਆਂ ਹੁੰਦੀਆਂ ਹਨ ਤਾਂ ਬਜਟ ਰਾਹੀਂ ਲੋਕਾਂ ਉੱਪਰ ਟੈਕਸ ਘੱਟ ਲਗਾਉਂਦੀ ਹੈ ਅਤੇ ਖ਼ਰਚ ਜ਼ਿਆਦਾ ਕਰਦੀ ਹੈ ।

3. **ਸਾਧਨਾਂ ਦੀ ਵੰਡ :** ਬਜਟ ਸੰਬੰਧੀ ਨੀਤੀ ਦੁਆਰਾ ਦੇਸ਼ ਦੀ ਸਰਕਾਰ ਸਾਧਨਾਂ ਦੀ ਵੰਡ ਇਸ ਪ੍ਰਕਾਰ ਕਰਦੀ ਹੈ ਜਿਸ ਨਾਲ ਅਧਿਕਤਮ ਲਾਭ ਅਤੇ ਸਮਾਜਿਕ ਕਲਿਆਣ ਦੇ ਵਿੱਚ ਸਤੁੰਲਨ ਪ੍ਰਾਪਤ ਕੀਤਾ ਜਾ ਸਕੇ। ਇਸ ਲਈ ਸਰਕਾਰ ਲੋਕਾਂ ਦੇ ਕਲਿਆਣ ਨੂੰ ਅੱਗੇ ਰੱਖਦੇ ਹੋਏ ਵਿਲਾਸਤਾ ਦੀਆਂ ਵਸਤੂਆਂ ਅਤੇ ਸ਼ਰਾਬ ਆਦਿ ਦੇ ਉਤਪਾਦਨ ਤੇ ਜ਼ਿਆਦਾ ਟੈਕਸ ਲਗਾਉਂਦੀ ਹੈ ਅਤੇ ਆਮ ਉਪਯੋਗੀ ਵਸਤੂਆਂ ਦੇ ਉਤਪਾਦਨ ਨੂੰ ਆਰਥਿਕ ਸਹਾਇਤਾ ਦੇ ਕੇ ਪ੍ਰੋਤਸਾਹਨ ਦਿੱਤਾ ਜਾਂਦਾ ਹੈ । ਤਾਂ ਕਿ ਦੇਸ਼ ਦੇ ਕੀਮਤੀ ਸਾਧਨ ਵਿਲਾਸਤਾ ਦੀਆਂ ਵਸਤੂਆਂ ਦੇ ਉਤਪਾਦਨ ਤੋਂ ਹੱਟ ਕੇ ਜ਼ਰੂਰੀ ਵਸਤੂਆਂ ਵੱਲ ਜਾਣ।

4. **ਆਮਦਨ ਅਤੇ ਸੰਪਤੀ ਦੀ ਪੁਨਰਵੰਡ :**

ਸੰਪਤੀ ਅਤੇ ਆਮਦਨ ਦੀ ਸਮਾਨ ਵੰਡ ਸਮਾਜਿਕ ਨਿਆਂ ਦਾ ਪ੍ਰਤੀਕ ਹੈ ਜੋ ਕਿ ਭਾਰਤ ਵਰਗੇ ਕਿਸੇ ਵੀ ਕਲਿਆਣਕਾਰੀ ਰਾਜ ਦਾ ਮੁੱਖ ਉਦੇਸ਼ ਹੁੰਦਾ ਹੈ । ਸਮਾਜਿਕ ਨਿਆਂ ਦਾ ਅਰਥ ਹੁੰਦਾ ਹੈ ਕਿ ਅਮੀਰ ਅਤੇ ਗਰੀਬ ਵਿਚਲੇ ਅੰਤਰ ਨੂੰ ਘਟਾਉਣਾ। ਬਜਟ ਰਾਹੀਂ ਸਰਕਾਰ ਅਮੀਰਾਂ ਉੱਪਰ ਪ੍ਰਗਤੀਸ਼ੀਲ ਦਰ ਤੇ ਟੈਕਸ ਲਗਾਉਂਦੀ ਹੈ ਅਤੇ ਗਰੀਬਾਂ ਲਈ ਵੱਖ-ਵੱਖ ਪ੍ਰਕਾਰ ਦੀਆਂ ਸਹਾਇਤਾ ਸਕੀਮਾਂ ਲਾਗੂ ਕਰਦੀ ਹੈ ।ਤਾਂ ਕਿ ਗਰੀਬਾਂ ਦੀ ਆਰਥਿਕ ਸਥਿਤੀ ਵਧੀਆ ਹੋਵੇ , ਅਮੀਰ ਅਤੇ ਗਰੀਬ ਦੇ ਵਿੱਚ ਅੰਤਰ ਘਟੇ।

5. **ਗਰੀਬੀ ਅਤੇ ਬੇਰੁਜ਼ਗਾਰੀ ਦੂਰ ਕਰਨਾ:** ਭਾਰਤ ਵਿੱਚ ਲਗਭਗ 21% ਲੋਕ ਗਰੀਬੀ ਰੇਖਾਂ ਤੋਂ ਹੇਠਾਂ ਰਹਿੰਦੇ ਹਨ ।ਗਰੀਬੀ ਦੇ ਕਾਰਨ ਬੇਰੁਜ਼ਗਾਰੀ ਦੀ ਵੀ ਬਹੁਤਾਤ ਹੈ । ਇਸ ਲਈ ਬਜਟ ਰਾਹੀਂ ਸਰਕਾਰ ਗਰੀਬੀ ਅਤੇ ਬੇਰੁਜ਼ਗਾਰੀ ਦੂਰ ਕਰਨ ਜਾਂ ਘੱਟ ਕਰਨ ਦਾ ਯਤਨ ਕਰਦੀ ਹੈ ।ਗਰੀਬਾਂ ਅਤੇ ਬੇਰੁਜ਼ਗਾਰ ਵਿਆਕਤੀਆਂ ਦੇ ਲਈ ਵੱਖ-ਵੱਖ ਪ੍ਰੋਗਰਾਮ ਅਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ।

6. **ਸੰਤੁਲਿਤ ਖੇਤਰੀ ਵਿਕਾਸ:** ਭਾਰਤ ਵਿੱਚ ਸਾਰੇ ਰਾਜ ਆਰਥਿਕ ਪੱਖੋਂ ਇਕੋ ਜਿਹੇ ਨਹੀਂ ਹਨ । ਕੋਈ ਰਾਜ ਆਰਥਿਕ ਪੱਖੋਂ ਅਮੀਰ ਹੈ ਅਤੇ ਵਿਕਸਿਤ ਹੈ ਜਿਵੇਂ ਕਿ ਪੰਜਾਬ, ਕਰਨਾਟਕ ਆਦਿ। ਕੋਈ ਰਾਜ ਬਹੁਤ ਪਛੜਿਆ ਹੋਇਆ ਹੈ ਜਿਵੇਂ ਕਿ ਬਿਹਾਰ, ਉੜੀਸਾ। ਰਾਸ਼ਟਰੀ ਏਕਤਾ ਦੇ ਪੱਖੋਂ ਦੇਸ਼ ਦਾ ਸੰਤੁਲਿਤ ਖੇਤਰੀ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ । ਇਸ ਲਈ ਸਰਕਾਰ ਬਜਟ ਦੇ ਵਿੱਚ ਪਿਛੜੇ ਖੇਤਰ ਲਈ ਵਿਸ਼ੇਸ ਪੈਕੇਜ ਦਾ ਐਲਾਨ ਕਰਦੀ ਹੈ ।

7. **ਮੁੱਢਲੇ ਢਾਂਚੇ ਦਾ ਵਿਕਾਸ:** ਕਿਸੇ ਵੀ ਅਰਥਵਿਵਸਥਾ ਦੇ ਵਿਕਾਸ ਲਈ ਮੁਢਲੇ ਢਾਂਚੇ ਜਿਵੇਂ ਕਿ ਸ਼ਕਤੀ , ਸਿੰਚਾਈ, ਆਵਾਜਾਈ, ਬੈਂਕ , ਬਿਜਲੀ ਅਤੇ ਸੰਚਾਈ ਦੇ ਸਾਧਨਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਸਰਕਾਰ ਬਜਟ ਦੀ ਵਰਤੋਂ ਕਰਕੇ ਨਿੱਜੀ ਨਿਵੇਸ਼ਕਾਂ ਨੂੰ ਮੁਢਲੇ ਢਾਂਚੇ ਵਿੱਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਦੀ ਹੈ । ਸਰਕਾਰ ਆਪ ਵੀ ਬਜਟ ਰਾਹੀਂ ਮੁਢਲੇ ਢਾਚੇ ਦੇ ਵਿਕਾਸ ਲਈ ਵੱਡੀ ਮਾਤਰਾ ਵਿੱਚ ਨਿਵੇਸ਼ ਕਰਦੀ ਹੈ ।

**ਪ੍ਰਸ਼ਨ :- ਕਰ ਦੀ ਪਰਿਭਾਸ਼ਾ ਦਿਉ ਅਤੇ ਕਰਾਂ ਦੀਆਂ ਕਿਸਮਾਂ ਦੱਸੋ?**

**ਉੱਤਰ:- ਕਰ ਦੀ ਪਰਿਭਾਸ਼ਾ:-** ਕਰ ਇੱਕ ਅਜਿਹਾ ਭੁਗਤਾਨ ਹੈ ਜੋ ਜਰੂਰੀ ਰੂਪ ਨਾਲ ਸਰਕਾਰ ਨੂੰ ਪਰਿਵਾਰਾਂ, ਫਰਮਾਂ ਜਾਂ ਸੰਸਥਾਗਤ ਇਕਾਈਆਂ ਰਾਂਹੀ ਦਿੱਤਾ ਜਾਂਦਾ ਹੈ। ਕਰ ਦਾਤਾ ਨੂੰ ਸਰਕਾਰਾਂ ਤੋ ਮਿਲਣ ਵਾਲੇ ਲਾਭ ਦਾ ਇਸ ਨਾਲ ਕੋਈ ਸਿੱਧਾ ਸਬੰਧ ਨਹੀ ਹੁੰਦਾ।

**ਕਰਾਂ ਦੀਆਂ ਕਿਸਮਾਂ:-**

**1. ਪ੍ਰਗਤੀਸ਼ੀਲ ਅਤੇ ਪ੍ਰਤੀਗਾਮੀ ਕਰ (Progressive and Regressive Taxes)**

**2. ਮੁੱਲ ਵਾਧਾ ਅਤੇ ਵਿਸ਼ਿਸ਼ਿਟ ਕਰ (Value Added And Specific Tax)**

**3. ਪ੍ਰਤੱਖ ਕਰ ਅਤੇ ਅਪ੍ਰਤੱਖ ਕਰ (Direct & Indirect Tax)**

**1. ਪ੍ਰਗਤੀਸ਼ੀਲ ਅਤੇ ਪ੍ਰਤੀਗਾਮੀ ਕਰ (Progressive and Regressive Taxes)**

**1. ਪ੍ਰਗਤੀਸੀਲ ਕਰ (Progressive Tax):-** ਇਸ ਕਰ ਪ੍ਰਣਾਲੀ ਵਿੱਚ ਆਮਦਨ ਦੇ ਵੱਧਣ ਨਾਲ ਕਰ ਦੀ ਦਰ ਵੱਧਦੀ ਜਾਂਦੀ ਹੈ। ਇਹਨਾਂ ਦਾ ਵਾਸਤਵਿਕ ਭਾਰ ਅਮੀਰ ਵਿਅਕਤੀਆਂ ਤੇ ਵੱਧ ਅਤੇ ਗਰੀਬ ਵਿਅਕਤੀਆਂ ਤੇ ਘੱਟ ਹੁੰਦਾ ਹੈ। ਭਾਰਤ ਵਿੱਚ ਆਮਦਨ ਕਰ ਇੱਕ ਪ੍ਰਗਤੀਸ਼ੀਲ ਕਰ ਹੈ।

2. ਪ੍ਰਤੀਗਾਮੀ ਕਰ (Regressive Tax):- ਇਸ ਕਰ ਪ੍ਰਣਾਲੀ ਵਿੱਚ ਆਮਦਨ ਦੇ ਵੱਧਣ ਨਾਲ ਕਰ ਦੀ ਦਰ ਘੱਟਦੀ ਹੈ। ਇਹਨਾਂ ਦਾ ਵਾਸਤਵਿਕ ਭਾਰ ਅਮੀਰ ਵਿਅਕਤੀਆਂ ਤੇ ਘੱਟ ਅਤੇ ਗਰੀਬ ਵਿਅਕਤੀਆਂ ਤੇ ਵੱਧ ਹੁੰਦਾ ਹੈ। ਇਹ ਕਰ ਜਿਆਦਾਤਰ ਉਹਨਾਂ ਵਸਤੂਆਂ ਤੇ ਲੱਗਦਾ ਹੈ, ਜਿਸਨੂੰ ਸਮਾਜ ਨਿਰਉਤਸਾਹਿਤ ਕਰਦਾ ਹੈ। ਜਿਵੇਂ:- ਤੰਬਾਕੂ ਅਤੇ ਸ਼ਰਾਬ ਆਦਿ।

**3. ਮੁੱਲ ਵਾਧਾ ਅਤੇ ਵਿਸ਼ਿਸ਼ਿਟ ਕਰ (Value Added And Specific Tax):-**

1. ਮੁੱਲ ਵਾਧਾ ਕਰ (Value Added Tax) :- ਇਹ ਉਹ ਅਪ੍ਰਤੱਖ ਕਰ ਹੈ ਜੋ ਉਤਪਾਦਨ ਦੀਆਂ ਵਿਭਿੰਨ ਹਾਲਤਾਂ ਵਿੱਚ ਹੋਣ ਵਾਲੇ ਮੁੱਲ ਵਾਧੇ ਤੇ ਲਗਾਇਆ ਜਾਂਦਾ ਹੈ। ਕਿਸੇ ਵਸਤੂ ਦੇ ਕੁੱਲ ਮੁੱਲ ਅਤੇ ਮੱਧ-ਵਰਤੀ ਵਸਤੂਆਂ ਦੇ ਮੁੱਲ ਦੇ ਅੰਤਰ ਨੂੰ ਮੁੱਲ ਵਾਧਾ ਕਹਿੰਦੇ ਹਨ। ਇਹ ਉਤਪਾਦਨ ਦੀ ਹਰੇਕ ਅਵਸਥਾ ਵਿੱਚ ਲਗਾਇਆ ਜਾਂਦਾ ਹੈ। ਵਸਤੂ ਤੇ ਸੇਵਾ ਕਰ (Goods and Service Tax) ਇਕ ਮੁੱਲ ਵਾਧਾ ਕਰ ਹੈ।

2. ਵਿਸ਼ਿਸ਼ਿਟ ਕਰ:- ਇਹ ਕਿਸੇ ਵਸਤੂ ਤੇ ਉਸ ਦੀ ਇਕਾਈ ਆਕਾਰ ਜਾ ਤੋਲ ਦੇ ਮੁਤਾਬਿਕ ਲਗਾਇਆ ਜਾਂਦਾ ਹੈ।

**3. ਪ੍ਰਤੱਖ ਕਰ ਅਤੇ ਅਪ੍ਰਤੱਖ ਕਰ (Direct & Indirect Tax ) :-**

1. ਪ੍ਰਤੱਖ ਕਰ (Direct Tax):- ਪ੍ਰਤੱਖ ਕਰ ਉਹ ਕਰ ਹਨ ਜਿਸਦਾ ਅੰਤਿਮ ਭਾਰ ਉਸ ਵਿਅਕਤੀ ਨੂੰ ਉਠਾਉਣਾ ਪੈਦਾ ਹੈ, ਜਿਸ ਤੇ ਇਹ ਲਗਾਇਆ ਜਾਂਦਾ ਹੈ। ਇਸ ਕਰ ਦਾ ਭਾਰ ਦੂਜੇ ਵਿਅਕਤੀ ਤੇ ਟਾਲਿਆ ਨਹੀ ਜਾ ਸਕਦਾ। ਆਮਦਨ ਕਰ, ਨਿਗਮ ਕਰ, ਉਪਹਾਰ ਕਰ, ਸੰਪਤੀ ਕਰ ਆਦਿ ਪ੍ਰਤੱਖ ਕਰ ਦੀਆਂ ਉਦਹਾਰਣਾਂ ਹਨ।

2. ਅਪ੍ਰਤੱਖ ਕਰ (Indirect Tax):-ਅਪ੍ਰਤੱਖ ਕਰ ਉਹ ਕਰ ਹਨ, ਜਿਨ੍ਹਾ ਦਾ ਆਰੰਭਿਕ ਭਾਰ ਇੱਕ ਮਨੁੱਖ ਤੇ ਪੈਦਾ ਹੈ ਪਰ ਉਹ ਇਸ ਭਾਰ ਨੂੰ ਦੂਜੇ ਵਿਅਕਤੀ ਤੇ ਟਾਲਣ ਵਿੱਚ ਸਫਲ ਹੋ ਜਾਦਾ ਹੈ। ਵਸਤੂ ਅਤੇ ਸੇਵਾ ਕਰ (Goods and Service Tax), ਉਤਪਾਦਨ ਕਰ (Excise Duty), ਸੀਮਾ ਸ਼ੁਲਕ ਕਰ (Custom Duty), ਮਨੋਰੰਜਨ ਕਰ (Entertainment Tax) ਆਦਿ ਅਪ੍ਰੱਤਖ ਕਰਾਂ ਦੀਆਂ ਉਦਹਾਰਣਾਂ ਹਨ।

**ਪ੍ਰਸ਼ਨ: ਆਮਦਨ ਪ੍ਰਾਪਤੀਆਂ ਦੇ ਅਰਥ ਤੇ ਕਿਸਮਾਂ ਦੱਸੋ?**

ਉੱਤਰ: ਬਜਟ ਵਿੱਚ ਸਰਕਾਰੀ ਪ੍ਰਾਪਤੀਆਂ ਤੋਂ ਭਾਵ ਆਉਣ ਵਾਲੇ ਵਿੱਤੀ ਵਰ੍ਹੇ ਵਿੱਚੋਂ ਸਰਕਾਰੀ ਦੀਆਂ ਅਨੁਮਾਨਿਤ ਮੌਦਰਿਕ ਪ੍ਰਾਪਤੀਆਂ ਸਰਕਾਰੀ ਪ੍ਰਾਪਤੀਆਂ ਨੂੰ ਹੇਠਲੇ ਦੋ ਹਿੱਸਿਆ ਵਿੱਚ ਵੰਡਿਆਂ ਜਾਂਦਾ ਹੈ।

**I. ਮਾਲ ਪ੍ਰਾਪਤੀਆਂ:-** ਇਹ ਉਹ ਪ੍ਰਾਪਤੀਆਂ ਹਨ, ਜਿਨ੍ਹਾਂ ਨੂੰ ਸਰਕਾਰ ਪ੍ਰਾਪਤ ਕਰਦੀ ਹੈ ਪਰ ਕੋਈ ਵੀ ਦੇਣਦਾਰੀ ਨਹੀਂ ਬਣਾਉਂਦੀ ਜਾਂ ਆਪਣੀ ਲੈਣਦਾਰੀ ਨਹੀਂ ਘਟਾਉਂਦੀ।ਰਾਜਸਵ ਪ੍ਰਾਪਤੀ ਦੀਆਂ ਵਿਸ਼ੇਸ਼ਤਾਵਾਂ:-

1. ਰਾਜਸਵ ਪ੍ਰਾਪਤੀ ਜਿਹੜੀ ਸਰਕਾਰ ਲਈ ਕੋਈ ਵੀ ਦੇਣਦਾਰੀ ਪੈਂਦਾ ਨਹੀਂ ਕਰਦੀ ਜਿਵੇਂ ਕਰ। ਕਰ ਇੱਕ ਜ਼ਰੂਰੀ ਭੁਗਤਾਨ ਹੈ, ਜਿਹੜਾ ਕਿਸੇ ਵਿਅਕਤੀ ਜਾਂ ਫਰਮ ਵੱਲੋਂ ਕੀਤਾ ਜਾਂਦਾ ਹੈ। ਪਰ ਸਰਕਾਰ ਵੱਲੋਂ ਕਰ ਦਾਤਾ ਨਾਲ ਉਸ ਨੂੰ ਲਾਭ ਪਹੁੰਚਾਉਣ ਦਾ ਵਾਅਦਾ ਨਹੀਂ ਕੀਤਾ ਜਾਂਦਾ।
2. ਰਾਜਸਵ ਪ੍ਰਾਪਤੀ ਕਿਸੇ ਵੀ ਤਰ੍ਹਾਂ ਨਾਲ ਸਰਕਾਰ ਦੀ ਲੈਣਦਾਰੀ ਨੂੰ ਘਟਾਉਣ ਦਾ ਕਾਰਨ ਨਹੀਂ ਬਣਦੀ।

ਪ੍ਰਮੁੱਖ ਰੂਪ ਵਿੱਚ ਆਮਦਨ ਪ੍ਰਾਪਤੀਆਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆਂ ਜਾਂਦਾ ਹੈ:-

A. **ਟੈਕਸ ਮਾਲੀਆ ਪ੍ਰਾਪਤੀਆਂ:** ਵੱਖ-ਵੱਖ ਕਰਾਂ ਤੋਂ ਪ੍ਰਾਪਤੀਆਂ ਨੂੰ ਕਰ ਰਾਜਸਵ ਪ੍ਰਾਪਤੀਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ, ਆਮ ਤੌਰ 'ਤੇ ਹੇਠ ਲਿਖੇ ਕਰ ਆਉਂਦੇ ਹਨ:-

1) ਆਮਦਨ ਕਰ 2) ਨਿਗਮ ਕਰ 3) ਧਨ ਕਰ 4) ਉਪਹਾਰ ਕਰ 5) ਆਯਾਤ ਕਰ 6) ਵਸਤਾਂ ਅਤੇ ਸੇਵਾਵਾਂ ਕਰ ਆਦਿ

Meaning of Tax ਕਰ ਇੱਕ ਜ਼ਰੂਰੀ ਭੁਗਤਾਨ ਹੈ, ਜਿਹੜਾ ਕਿਸੇ ਵਿਅਕਤੀ ਜਾਂ ਫਰਮ ਵੱਲੋਂ ਸਰਕਾਰ ਨੂੰ ਦਿੱਤਾ ਜਾਂਦਾ ਹੈ। ਕਰ ਹਮੇਸ਼ਾ ਕਰ ਦਾਤਾ ਤੇ ਇੱਕ ਮੌਦਰਿਕ ਭਾਰ ਹੁੰਦਾ ਹੈ ਅਤੇ ਇਹ ਇਕ ਕਾਨੂੰਨੀ ਪ੍ਰਕ੍ਰਿਆ ਹੈ।

**ਟੈਕਸ ਦੀਆਂ ਵਿਸ਼ੇਸ਼ਤਾਵਾਂ**

1. ਕਰ ਇੱਕ ਜ਼ਰੂਰੀ ਭੁਗਤਾਨ ਹੈ।
2. ਕਰ ਦਾ ਭੁਗਤਾਨ ਵਿਅਕਤੀ ਜਾਂ ਫਰਮ ਦੀ ਆਪਣੀ ਜ਼ਿੰਮਵਾਰੀ ਹੈ।
3. ਕਰ ਨੂੰ ਇੱਕ ਕਾਨੂੰਨੀ ਪ੍ਰਕ੍ਰਿਆ ਅਨੁਸਾਰ ਲਗਾਇਆ ਜਾਂਦਾ ਹੈ।
4. ਕਰ ਤੋਂ ਪ੍ਰਾਪਤ ਆਮਦਨ ਨੂੰ ਸਰਵਜਨਕ ਭਲਾਈ ਲਈ ਵਰਤਿਆਂ ਜਾਂਦਾ ਹੈ।
5. ਕਰ ਦੇ ਬਦਲੇ ਕਰ ਦਾਤਾ ਨੂੰ ਸਰਕਾਰ ਕੋਈ ਲਾਭ ਨਹੀਂ ਪਹੁੰਚਾਉਂਦੀ।
6. ਕਰ, ਕਰਦਾਤਾ ਲਈ ਇੱਕ ਮੌਦਰਿਕ ਭਾਰ ਹੁੰਦਾ ਹੈ।
7. ਕਰ ਜਨਤਾ ਨੂੰ ਦਿੱਤੀਆਂ ਸੇਵਾਵਾਂ ਦੀ ਕੀਮਤ ਨਹੀਂ ਹੁੰਦਾ।

**ਟੈਕਸ ਦੀਆਂ ਕਿਸਮਾਂ**

**I. Depending upon the shifting of tax burden**

a. **ਪ੍ਰਤੱਖ ਕਰ:** ਉਹ ਕਰ ਜਿਸ ਦਾ ਭਾਰ ਕਿਸੇ ਹੋਰ ਤੇ ਨਹੀਂ ਪਾਇਆ ਜਾ ਸਕਦਾ, ਨੂੰ ਪ੍ਰਤੱਖ ਕਰ ਕਹਿੰਦੇ ਹਨ।
b. **ਅਪ੍ਰਤੱਖ ਕਰ:** ਜਿਸ ਕਰ ਦੇ ਭਾਰ ਨੂੰ ਅੱਗੇ ਕਿਸੇ ਹੋਰ ਤੇ ਪਾਇਆ ਜਾ ਸਕਦਾ ਹੈ। ਅਜਿਹੇ ਕਰ ਵਿੱਚ ਪਹਿਲਾ ਭਾਰ ਕਿਸੇ ਉੱਤੇ ਹੁੰਦਾ ਹੈ, ਪਰ ਅੰਤਿਮ ਭਾਰ ਕਿਸੇ ਹੋਰ ਉੱਤੇ ਪੈ ਜਾਂਦਾ ਹੈ। ਜਿਵੇਂ ਵਸਤਾਂ ਅਤੇ ਸੇਵਾਵਾਂ ਕਰ, ਆਯਾਤ ਕਰ, ਉਤਪਾਦਨ ਕਰ ਆਦਿ।

**II. Depending upon Tax Base**

a. **ਮੁੱਲ ਅਨੁਸਾਰ ਕਰ:** ਜਿਹੜੇ ਕਰ ਵਸਤਾਂ ਜਾਂ ਸੇਵਾਵਾਂ ਦੇ ਮੁੱਲ ਅਨੁਸਾਰ ਲਗਾਇਆ ਜਾਵੇ ਉਸ ਨੂੰ ਮੁੱਲ ਅਨੁਸਾਰ ਕਰ ਆਖਦੇ ਹਨ। ਵੈਟ ਉਹ ਕਰ ਹੈ ਜਿਹੜਾ ਵਸਤੂ ਦੇ ਉਤਪਾਦਨ ਦੌਰਾਨ ਵਿੱਚ ਵਧਾਏ ਗਏ ਮੁੱਲ ਅਨੁਸਾਰ ਲਗਦਾ ਹੈ। ਅਜੋਕੇ ਸਮੇਂ ਵਿੱਚ ਅਜਿਹੇ ਕਰ ਵੱਧ ਅਪਣਾਏ ਜਾ ਰਹੇ ਹਨ।
b. **ਇਸ਼ਿਸ਼ਟ ਕਰ:** ਜਿਹੜਾ ਕਰ ਕਿਸੇ ਵਸਤੂ ਦੀਆਂ ਇਕਾਈਆਂ ਜਾਂ ਭਾਰ ਜਾਂ ਅਕਾਰ ਅਨੁਸਾਰ ਲਗਾਇਆ ਜਾਂਦਾ ਹੈ, ਉਸ ਨੂੰ ਇਸ਼ਿਸ਼ਟ ਕਰ ਆਖਦੇ ਹਨ। ਇਸ ਦਾ ਸੰਬੰਧ ਵਸਤੂ ਦੇ ਮੁੱਲ ਨਾਲ ਨਹੀਂ ਹੁੰਦਾ, ਸਗੋਂ ਵਸਤੂ ਦੀਆਂ ਇਕਾਈਆਂ ਜਾਂ ਭਾਰ ਨਾਲ ਹੁੰਦਾ ਹੈ। ਅਜੋਕੇ ਸਮੇਂ ਵਿੱਚ ਅਜਿਹੇ ਕਰ ਘੱਟ ਅਪਣਾਏ ਜਾ ਰਹੇ ਹਨ।

**ਪੂੰਜੀਗਤ ਪ੍ਰਾਪਤੀਆਂ ਦੀਆਂ ਕਿਸਮਾਂ ਅਤੇ ਅਰਥ ਦੱਸੋ**

**ਪੂੰਜੀਗਤ ਪ੍ਰਾਪਤੀਆਂ ਦੇ ਅਰਥ:-** ਸਰਕਾਰ ਨੂੰ ਉਧਾਰ ਦੇ ਰੂਪ ਵਿੱਚ ਜੋ ਪ੍ਰਾਪਤੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਪੂੰਜੀਗਤ ਪ੍ਰਾਪਤੀਆਂ ਆਖਿਆ ਜਾਂਦਾ ਹੈ, ਇਨ੍ਹਾਂ ਪ੍ਰਾਪਤੀਆਂ ਵਿੱਚ ਦੋ ਮੁੱਖ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ।

1. ਪੂੰਜੀਗਤ ਪ੍ਰਾਪਤੀਆਂ ਨਾਲ ਸਰਕਾਰ ਲਈ ਦੇਣਦਾਰੀਆਂ ਉਤਪੰਨ ਹੋਂਦੀ ਹੈ। ਉਦਾਹਰਨ: ਸਰਕਾਰ ਦੁਆਰਾ ਲਿਆ ਗਿਆ ਕਰਜ ਸਰਕਾਰ ਦੀ ਦੇਣਦਾਰੀ ਹੁੰਦਾ ਹੈ, ਕਿਉਂਕਿ ਇਹ ਸਰਕਾਰ ਨੂੰ ਵਾਪਿਸ ਕਰਨਾ ਪੈਂਦਾ ਹੈ।
2. ਪੂੰਜੀਗਤ ਪ੍ਰਾਪਤੀਆਂ ਨਾਲ ਸਰਕਾਰ ਨੂੰ ਸੰਪੱਤੀ ਵਿੱਚ ਕਮੀ ਹੁੰਦੀ ਹੈ, ਕਿਉਂਕਿ ਇਨ੍ਹਾਂ ਪ੍ਰਾਪਤੀਆਂ ਲਈ ਸਰਕਾਰ ਆਪਣੀ ਸੰਪਤੀ ਦਾ ਕੁੱਝ ਹਿੱਸਾ ਵੇਚਣਾ ਪੈਂਦਾ ਹੈ,ਜਿਸਨੂੰ ਕਿ ਵਿਨਿਵੇਸ਼ ਆਖਿਆ ਜਾਂਦਾ ਹੈ। ਉਦਾਹਰਨ: ਜੇਕਰ ਸਰਕਾਰ ਦੁਆਰਾ ਮਾਰੂਤੀ ਉਦਯੋਗ ਲਿਮਿਟਡ ਵਿੱਚ ਆਪਣੇ ਸ਼ੇਅਰਾਂ ਨੂੰ ਵੇਚ ਕੇ ਪੂੰਜੀ ਪ੍ਰਾਪਤ ਕੀਤੀ ਗਈ ਹੈ ਤਾਂ ਇਸ ਨਾਲ ਸਰਕਾਰ ਦੀ ਸੰਪਤੀ ਵਿੱਚ ਕਮੀ ਹੋਈ ਹੈ।

ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਪੂੰਜੀਗਤ ਪ੍ਰਾਪਤੀਆਂ ਬਜਟ ਦੇ ਅੰਤਰਗਤ ਸਰਕਾਰ ਨੂੰ ਪ੍ਰਾਪਤ ਹੋਣ ਵਾਲੀਆਂ ਉਹ ਪ੍ਰਾਪਤੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਜਾਂ ਤਾਂ ਸਰਕਾਰ ਦੀ ਕੋਈ ਦੇਣਦਾਰੀ ਉਤਪੰਨ ਹੁੰਦੀ ਹੈ ਜਾਂ ਫਿਰ ਜਿਨ੍ਹਾਂ ਨਾਲ ਸਰਕਾਰ ਦੀ ਸੰਪਤੀ ਵਿੱਚ ਕਮੀ ਹੁੰਦੀ ਹੈ।

1. **ਸਰਕਾਰੀ ਕਰਜ਼ੇ:** ਸਰਕਾਰ ਦੁਆਰਾ ਲਿਆ ਗਿਆ ਸਰੋਤ ਹੈ। ਸਰਕਾਰ ਦੁਆਰਾ ਦੇਸ਼ ਦੀ ਜਨਤਾ ਦੇਸ਼ ਦੇ ਕੇਂਦਰੀ ਬੈਂਕ ਜਾਂ ਵੱਖ ਵੱਖ ਆਰਥਿਕ ਇਕਾਈਆਂ ਤੋਂ ਕਰਜ ਲਿਆ ਜਾਂਦਾ ਹੈ। ਇਹ ਕਰਜ ਆਮ ਤੌਰ ਤੇ ਸਰਕਾਰੀ ਪ੍ਰਤੀਭੂਤੀਆਂ ਨੂੰ ਵੇਚਕੇ ਪ੍ਰਾਪਤ ਕੀਤਾ ਜਾਂਦਾ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸਰਕਾਰ ਦੁਆਰਾ ਜਨਤਾ ਕੋਲੋਂ ਲਏ ਗਏ ਕਰਜ ਨੂੰ ਬਜਾਰ ਕਰਜ ਵੀ ਆਖਿਆ ਜਾਂਦਾ ਹੈ।ਸਰਕਾਰ ਦੁਆਰਾ ਵਿਦੇਸ਼ੀ ਸਰਕਾਰਾਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਜਿਵੇਂ World bank, International Monetary Fund, IMF ਆਦਿ ਕਰਜ ਲਿਆ ਜਾਂਦਾ ਹੈ। ਕਰਜ ਪ੍ਰਾਪਤੀ ਨਾਲ ਸਰਕਾਰ ਦੀਆਂ ਦੇਣਦਾਰੀਆਂ ਉਤਪੰਨ ਹੁੰਦੀਆਂ ਹਨ।
2. **ਕਰਜਿਆਂ ਦੀ ਵਸੂਲੀ:-** ਸਰਕਾਰ ਦੁਆਰਾ ਰਾਜ ਇਕਾਈਆਂ ਨੂੰ ਦਿੱਤੇ ਗਏ ਕਰਜਿਆਂ ਦੀ ਵਸੂਲੀ ਵੀ ਸਰਕਾਰ ਦੀਆਂ ਪੂੰਜੀਗਤ ਪ੍ਰਾਪਤੀਆਂ ਵਿੱਚ ਸ਼ਾਮਿਲ ਕੀਤੀ ਜਾਂਦੀ ਹੈ। ਜਦੋਂ ਸਰਕਾਰ ਦੁਆਰਾ ਕਰਜ ਦਿੱਤਾ ਜਾਂਦਾ ਹੈ, ਸਰਕਾਰ ਦੀ ਸੰਪਤੀ,,ਵਿੱਚ ਕਮੀ ਹੁੰਦੀ ਹੈ ਅਤੇ ਸਰਕਾਰ ਦੀਆਂ ਦੇਣਦਾਰੀਆਂ ਉਤਪੰਨ ਹੁੰਦੀਆਂ ਹਨ। ਪਰੰਤੂ ਕਰਜ ਦੀ ਵਸੂਲੀ ਨਾਲ ਸਰਕਾਰ ਦੀ ਪੂੰਜੀ ਅਤੇ ਸੰਪਤੀ ਵਿੱਚ ਵਾਧਾ ਹੁੰਦਾ ਹੈ। ਇਸ ਕਰਜ ਦੀ ਵਸੂਲੀ ਨੂੰ ਸਰਕਾਰ ਦੀਆਂ ਪੂੰਜੀਗਤ ਪ੍ਰਾਪਤੀਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

**ਹੋਰ ਪੂੰਜੀਗਤ ਪ੍ਰਾਪਤੀਆਂ:**

ਸਰਕਾਰ ਨੂੰ ਵਿਨਿਵੇਸ਼ ਆਦਿ ਦੇ ਰੂਪ ਵਿੱਚ ਹੋਣ ਵਾਲੀ ਪੂੰਜੀ ਨੂੰ ਪੂੰਜੀਗਤ ਪ੍ਰਾਪਤੀਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਵਿਨਿਵੇਸ਼ ਤੋਂ ਭਾਵ ਸਰਕਾਰ ਦੁਆਰਾ ਉਦਮਾਂ ਵਿੱਚੋਂ ਆਪਣੇ ਸ਼ੇਅਰਾਂ ਨੂੰ ਵੇਚਣ ਤੋਂ ਹੈ। ਇਸ ਤਰ੍ਹਾਂ ਵਿਨਿਵੇਸ਼ ਨਿਵੇਸ਼ ਦੀ ਉਲਟ ਧਾਰਨਾ ਹੈ।ਇਸ ਦੁਆਰਾ ਸਰਕਾਦ ਸਰਕਾਰੀ ਉਦਮਾਂ ਦੀ ਮਾਲਕੀ ਨੂੰ ਨਿੱਜੀ ਹੱਥਾਂ ਵਿੱਚ ਹਸਤਾਤਰਿਤ ਕਰ ਦਿੰਦੀ ਹੈ। ਸਿੱਟੇ ਵਜੋਂ ਸਰਕਾਰ ਦੀ ਸੰਪੱਤੀ ਵਿੱਚ ਕਮੀ ਹੁੰਦੀ ਹੈ ਅਤੇ ਉਸ ਨੂੰ ਪੂੰਜੀ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਵਿਨਿਵੇਸ਼ ਨੂੰ ਸਰਕਾਰ ਦੀਆਂ ਪੂੰਜੀਗਤ ਪ੍ਰਾਪਤੀਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

**ਪ੍ਰਸ਼ਨ: ਲੋਚਸ਼ੀਲ ਵਟਾਂਦਰਾ ਦਰ ਦਾ ਨਿਰਧਾਰਨ ਕਿਵੇਂ ਹੁੰਦਾ ਹੈ?ਵਿਦੇਸ਼ੀ ਵਟਾਂਦਰੇ ਦੀ ਮੰਗ ਅਤੇ ਪੂਰਤੀ ਦੇ ਸਿਧਾਂਤ ਦੁਆਰਾ ਵਟਾਂਦਰਾ ਦਰ ਦੇ ਨਿਰਧਾਰਣ ਦੀ ਚਰਚਾ ਕਰੋ।**

**ਉੱਤਰ:** ਲੋਚਸ਼ੀਲ ਵਟਾਂਦਰਾ ਦਰ ਦਾ ਨਿਰਧਾਰਨ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਕਿਸੇ ਵਸਤੂ ਦੀ ਕੀਮਤ ਦਾ ਨਿਰਧਾਰਨ ਹੁੰਦਾ ਹੈ। ਇਸ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਿਵੇਂ ਵਸਤੂ ਦੀ ਮੰਗ ਅਤੇ ਪੂਰਤੀ ਕੀਮਤ ਦਾ ਨਿਰਧਾਰਨ ਕਰਦੇ ਹਨ। ਬਿਲਕੁਲ ਉਸੇ ਤਰ੍ਹਾਂ ਲੋਚਸ਼ੀਲ ਵਟਾਂਦਰਾ ਦਰ ਦੇ ਨਿਰਧਾਰਨ ਵਿੱਚ ਵੀ ਵਿਦੇਸ਼ੀ ਵਟਾਂਦਰੇ ਦੀ ਮੰਗ ਅਤੇ ਪੂਰਤੀ ਸਹਾਇਤਾ ਕਰਦੇ ਹਨ। ਵਿਦੇਸ਼ੀ ਵਟਾਂਦਰਾ ਦਰ ਉਥੇ ਨਿਰਧਾਰਤ ਹੁੰਦੀ ਹੈ ਜਿਥੇ ਵਿਦੇਸ਼ੀ ਵਟਾਂਦਰੇ ਦੀ ਮੰਗ ਅਤੇ ਪੂਰਤੀ ਬਰਾਬਰ ਹੁੰਦੀ ਹੈ।

**ਵਿਦੇਸ਼ੀ ਵਟਾਂਦਰੇ ਦੀ ਮੰਗ:** ਹੇਠ ਲਿਖੇ ਕਾਰਨਾਂ ਕਰਕੇ ਵਿਦੇਸ਼ੀ ਵਟਾਂਦਰੇ ਦੀ ਮੰਗ ਹੁੰਦੀ ਹੈ।


1. ਅੰਤਰਰਾਸ਼ਟਰੀ ਕਰਜਿਆਂ ਦਾ ਭੁਗਤਾਨ ਕਰਨ ਲਈ।
2. ਬਾਕੀ ਵਿਸ਼ਵ ਤੋਂ ਆਯਾਤ ਕਰਨ ਲਈ।
3. ਬਾਕੀ ਵਿਸ਼ਵ ਵਿੱਚ ਨਿਵੇਸ਼ ਕਰਨ ਲਈ।
4. ਬਾਹਰਲੇ ਦੇਸ਼ਾਂ ਵਿੱਚ ਯਾਤਰਾ ਕਰਨ ਲਈ।
5. ਬਾਕੀ ਵਿਸ਼ਵ ਨੂੰ ਆਰਥਿਕ ਸਹਾਇਤਾ ਜਾਂ ਤੋਹਫੇ ਦੇਣ ਲਈ।

ਵਿਦੇਸ਼ੀ ਵਟਾਂਦਰਾਂ ਦੀ ਮੰਗ ਅਤੇ ਵਟਾਂਦਰਾ ਦਰ ਵਿੱਚ ਉਲਟਾ ਸੰਬੰਧ ਪਾਇਆ ਜਾਂਦਾ ਹੈ ਅਰਥਾਤ ਵਟਾਂਦਰਾ ਦਰ ਵੱਧ ਹੋਣ ਤੇ ਇਸ ਦੀ ਮੰਗ ਘੱਟ ਜਾਂਦੀ ਹੈ ਇਸ ਦੇ ਉਲਟ ਵਟਾਂਦਰਾ ਦਰ ਘੱਟ ਹੋਣ ਤੇ ਇਸ ਦੀ ਮੰਗ ਵੱਧ ਜਾਂਦੀ ਹੈ। ਇਸ ਨੂੰ ਇੱਕ ਚਿੱਤਰ ਦੁਆਰਾ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।


**ਵਿਦੇਸ਼ੀ ਵਟਾਂਦਰੇ ਦੀ ਪੂਰਤੀ:**

ਵਿਦੇਸ਼ੀ ਵਟਾਂਦਰੇ ਦੀ ਪੂਰਤੀ ਦੇ ਨਿਰਧਾਰਨ ਤੱਤ ਨਿਮਨ ਲਿਖਿਤ ਹਨ।

1. ਬਾਕੀ ਵਿਸ਼ਵ ਨੂੰ ਨਿਰਧਾਰਤ ਕਰਨ ਨਾਲ।
2. ਪ੍ਰਤੱਖ ਵਿਦੇਸ਼ੀ ਨਿਵੇਸ਼
3. ਦੇਸ਼ ਵਿੱਚ ਘੁੰਮਣ ਆਏ ਵਿਦੇਸ਼ੀਆਂ ਤੋਂ।
4. ਬਹਾਰਲੇ ਦੇਸ਼ਾਂ ਤੋਂ ਪ੍ਰਾਪਤ ਤੋਹਫੇ ਅਤੇ ਆਰਥਿਕ ਸਹਾਇਤਾ।





ਵਿਦੇਸ਼ੀ ਵਟਾਂਦਰਾ ਦਰ ਅਤੇ ਪੂਰਤੀ ਵਿੱਚ ਪ੍ਰਤੱਖ ਸਿੱਧਾ ਸੰਬੰਧ ਪਾਇਆ ਜਾਂਦਾ ਹੈ। ਅਰਥਾਤ ਵਿਦੇਸ਼ੀ ਵਟਾਂਦਰਾ ਦਰ ਵੱਧ ਹੋਣ ਤੇ ਵਿਦੇਸ਼ੀ ਵਟਾਂਦਰੇ ਦੀ ਪੂਰਤੀ ਵੱਧਣ ਲਗਦੀ ਹੈ ਅਤੇ ਇਸ ਦਰ ਦੇ ਘੱਟ ਹੋਣ ਤੇ ਪੂਰਤੀ ਘੱਟਣ ਲਗ ਜਾਂਦੀ ਹੈ। ਇਸ ਨੂੰ ਇਸ ਚਿੱਤਰ ਦੁਆਰਾ ਸਮਝਾਇਆ ਜਾ ਸਕਦਾ ਹੈ।



## ਸੰਚਾਲਿਤ ਵਟਾਂਦਰੇ ਦਰ ਦਾ ਨਿਰਧਾਰਣ

ਵਟਾਂਦਰਾ ਦਰ ਦੀ ਸੰਤੁਲਿਤ ਦਰ ਉਸ ਪੱਧਰ ਤੇ ਨਿਰਧਾਰਿਤ ਹੁੰਦੀ ਹੈ। ਜਿੱਥੇ ਵਿਦੇਸ਼ੀ ਵਟਾਂਦਰੇ ਦੀ ਮੰਗ ਅਤੇ ਪੂਰਤੀ ਅਤੇ ਪੂਰਤੀ ਇੱਕ ਦੂਜੇ ਦੇ ਬਰਾਬਰ ਹੋਣ। ਇਸ ਨੂੰ ਹੇਠਾਂ ਬਣੇ ਚਿੱਤਰ ਦੁਆਰਾ ਸਮਝਾਇਆ ਜਾ ਸਕਦਾ ਹੈ।




ਚਿੱਤਰ ਵਿੱਚ ਬਿੰਦੂ ਦੇ ਵਿਦੇਸ਼ੀ ਵਟਾਂਦਰਾ ਦਰ ਦਾ ਸੰਤੁਲਨ ਪੱਧਰ ਨਿਰਧਾਰਤ ਹੁੰਦਾ ਹੈ ਜਿੱਥੇ ਵਿਦੇਸ਼ੀ ਵਟਾਂਦਰੇ ਦੀ ਮੰਗ (OQ) ਅਤੇ ਪੂਰਤੀ (OQ) ਬਰਾਬਰ ਹਨ। ਅਤੇ ਸੰਤੁਲਿਤ ਵਟਾਂਦਰਾ ਦਰ OR ਹੈ।

ਵਟਾਂਦਰਾ ਦਰ ਦੇ OR, ਪੱਧਰ ਤੇ ਅਰਥਾਤ ਜੇਕਰ ਵਟਾਂਦਰਾ ਦਰ ਵੱਧ ਜਾਵੇ ਤਾਂ ਇਸ ਪੱਧਰ ਤੇ ਪੂਰਤੀ ਮੰਗ ਨਾਲੋ ਵੱਧ ਜਾਵੇਗੀ। ਭੂਰਤੀ ਜਿਆਦਾ ਹੋਣ ਕਰਕੇ ਵਟਾਂਦਰਾ ਦਰ ਵਿੱਚ ਕਮੀ ਆਵੇਗੀ ਇਹ ਕਮੀ ਉਦੋ ਤੱਕ ਹੁੰਦੀ ਹੈ ਜਦੋ ਤੱਕ ਵਟਾਂਦਰੇ ਦੀ ਮੰਗ ਅਤੇ ਪੂਰਤੀ ਬਰਾਬਰ ਨਹੀਂ ਹੋ ਜਾਂਦੇ। ਵਟਾਂਦਰਾ $OR_2$ ਪੱਧਰ ਤੇ ਅਰਥਾਤ ਜੇਕਰ ਵਟਾਂਦਰਾ ਦਰ ਘੱਟ ਜਾਵੇ ਤਾਂ ਇਸ ਸਥਿਤੀ ਵਿੱਚ ਪੂਰਤੀ ਘੱਟ ਅਤੇ ਮੰਗ ਵੱਧ ਹੁੰਦੀ ਹੈ। ਪੂਰਤੀ ਨਾਲੋ ਜਿਆਦਾ ਮੰਗ ਦਾ ਨਤੀਜਾ ਇਹ ਹੁੰਦਾ ਹੈ ਕਿ ਵਟਾਂਦਰੇ ਦੀ ਮੰਗ ਅਤੇ ਪੂਰਤੀ ਬਰਾਬਰ ਨਹੀਂ ਹੋ ਜਾਂਦੀ ਅਰਥਾਤ ਸੰਤੁਲਿਤ ਵਟਾਂਦਰਾ ਦਰ ਦਾ ਪੱਧਰ OR ਹੀ ਹੋਵੇਗਾ।

**ਪ੍ਰਸ਼ਨ : ਭੁਗਤਾਨਾਂ ਦੇ ਸੰਤੁਲਨ ਦੇ ਮੌਜੂਦਾ ਖਾਤੇ ਅਤੇ ਪੂੰਜੀ ਖਾਤੇ ਦਾ ਵਰਣਨ ਕਰੋ.**

**ਉੱਤਰ**: ਮੌਜੂਦਾ ਖਾਤੇ ਦਾ ਮਤਲਬ: ਉਹ ਖਾਤਾ ਜਿਸ ਵਿੱਚ ਨਿਰਯਾਤ ਅਤੇ ਸਮਾਨ ਅਤੇ ਸੇਵਾਵਾਂ ਦੀ ਦਰਾਮਦ ਅਤੇ ਇਕਪਾਸੜ ਟ੍ਰਾਂਸਫਰ ਸ਼ਾਮਲ ਹੁੰਦੇ ਹਨ.

ਮੌਜੂਦਾ ਖਾਤੇ ਹੇਠਾਂ ਦਿੱਤੇ ਅਨੁਵਾਦ:

1. ਇਕਪਾਸੜ ਤਬਾਦਲੇ.
2. ਮਾਲ ਦੀ ਦਰਾਮਦ ਅਤੇ ਨਿਰਯਾਤ.
3. ਸੇਵਾਵਾਂ ਦਾ ਆਯਾਤ ਅਤੇ ਨਿਰਯਾਤ.

ਮੌਜੂਦਾ ਖਾਤੇ ਨਾਲ ਸੰਬੰਧਿਤ ਮਹੱਤਵਪੂਰਨ ਪੁਆਇੰਟਾਂ

1. ਸਾਮਾਨ ਅਤੇ ਸੇਵਾਵਾਂ ਦੇ ਸਾਰੇ ਦਰਾਮਦ ਨੂੰ ਨਕਾਰਾਤਮਕ (-) ਇਕਾਈਆਂ ਦੇ ਤੌਰ ਤੇ ਦਾਖਲ ਕੀਤਾ ਜਾਂਦਾ ਹੈ.
2. ਚੀਜ਼ਾਂ ਅਤੇ ਸੇਵਾਵਾਂ ਦੇ ਸਾਰੇ ਨਿਰਯਾਤ ਨੂੰ ਸਕਾਰਾਤਮਕ (+) ਇਕਾਈਆਂ ਦੇ ਤੌਰ ਤੇ ਦਾਖਲ ਕੀਤਾ ਜਾਂਦਾ ਹੈ ਸੇਵਾਵਾਂ ਦੀ
3. ਨਿਰਯਾਤ ਅਤੇ ਆਯਾਤ ਦੇ ਅੰਤਰ ਨੂੰ ਅਦਿੱਖ ਵਪਾਰ ਦਾ ਸੰਤੁਲਨ ਕਿਹਾ ਜਾਂਦਾ ਹੈ.
4. ਮਾਲ ਦੀ ਬਰਾਮਦ ਅਤੇ ਆਯਾਤ ਦੇ ਅੰਤਰ ਨੂੰ ਵੇਖਣਯੋਗ ਵਪਾਰ ਦਾ ਸੰਤੁਲਨ ਕਿਹਾ ਜਾਂਦਾ ਹੈ.
5. ਇਕਪਾਸੜ ਤਬਾਦਲੇ ਦੇ ਭੁਗਤਾਨ ਨਕਾਰਾਤਮਕ (-) ਇਕਾਈਆਂ ਦੇ ਤੌਰ ਤੇ ਦਾਖਲ ਹੁੰਦੇ ਹਨ.
6. ਇਕਪਾਸੜ ਟ੍ਰਾਂਸਫਰ ਦੀਆਂ ਪ੍ਰਾਪਤੀਆਂ ਸਕਾਰਾਤਮਕ (+) ਇਕਾਈਆਂ ਵਜੋਂ ਦਾਖਲ ਹੁੰਦੀਆਂ ਹਨ.
7. ਤਿੰਨ ਬਕਾਏ ਦੀ ਸ਼ੁੱਧ ਕੀਮਤ ਨੂੰ ਕਰੰਟ ਅਕਾਉਂਟ 'ਤੇ ਬੈਲੈਂਸ ਵਜੋਂ ਜਾਣਿਆ ਜਾਂਦਾ ਹੈ.

ਵੱਡੇ ਖਾਤੇ ਦਾ ਅਰਥ: ਉਹ ਖਾਤਾ ਜਿਸ ਵਿਚ ਇਕ ਦੇਸ਼ ਦੇ ਵਸਨੀਕਾਂ ਦੀ ਮਦਦ ਨਾਲ ਸਾਰੇ ਅਜਿਹੇ ਲੈਣ-ਦੇਣ ਸ਼ਾਮਲ ਹੁੰਦੇ ਹਨ, ਦੂਜੇ ਦੇਸ਼ਾਂ ਦੇ ਵਸਨੀਕਾਂ ਨਾਲ ਆਪਣੀਆਂ ਪੂੰਜੀ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦਾ ਆਦਾਨ-ਪ੍ਰਦਾਨ ਕਰਦੇ ਹਨ.

ਹੇਠਾਂ ਦਿੱਤੇ ਪੂੰਜੀ ਖਾਤੇ ਵਿੱਚ ਸ਼ਾਮਲ ਲੈਣ-ਦੇਣ ਹਨ;

1. ਅਧਿਕਾਰਤ ਸੌਦੇ: ਸਰਕਾਰ ਜਾਂ ਇਸ ਦੀਆਂ ਏਜੰਸੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਜਾਇਦਾਦਾਂ ਨਾਲ ਸੰਬੰਧਿਤ ਅਧਿਕਾਰਤ ਲੈਣ-ਦੇਣ.
2. ਗੈਰ ਸਰਕਾਰੀ ਅਧਿਕਾਰਾਂ: ਇਸਦਾ ਅਰਥ ਹੈ ਨਿਜੀ ਲੈਣਦੇਣ. ਨਿਜੀ ਲੈਣਦੇਣ indiiual, ਘਰਾਂ, ਵਪਾਰਕ ਇਕਾਈਆਂ ਅਤੇ ਗੈਰ ਸਰਕਾਰੀ ਇਕਾਈਆਂ ਨਾਲ ਸਬੰਧਤ ਹਨ.
3. ਸਿੱਧੇ ਨਿਵੇਸ਼: ਇਹ ਦੇਸ਼ ਤੋਂ ਬਾਹਰ ਜਾਇਦਾਦ ਦੀ ਖਰੀਦ ਦਾ ਹਵਾਲਾ ਦਿੰਦਾ ਹੈ ਜਿਵੇਂ ਕਿ ਖਰੀਦਦਾਰ ਦੀ ਪੂੰਜੀ ਜਾਇਦਾਦ 'ਤੇ ਪੂਰਾ ਨਿਯੰਤਰਣ ਹੁੰਦਾ ਹੈ.
4. ਪੋਰਟਫੋਲੀਓ ਨਿਵੇਸ਼: ਇਹ ਦੇਸ਼ ਤੋਂ ਬਾਹਰ ਦੀ ਪੂੰਜੀ ਜਾਇਦਾਦ ਦੀ ਖਰੀਦ ਨੂੰ ਦਰਸਾਉਂਦਾ ਹੈ ਜਿਵੇਂ ਕਿ ਖਰੀਦਦਾਰ ਦੀ ਪੂੰਜੀ ਸੰਪਤੀ ਤੇ ਨਿਯੰਤਰਣ ਨਹੀਂ ਹੁੰਦਾ.

ਮਹੱਤਵਪੂਰਨ ਬਿੰਦੂ

1. ਸਾਰੇ ਪੂੰਜੀ ਲੈਣ-ਦੇਣ ਭੁਗਤਾਨ ਦੇ ਸੰਤੁਲਨ ਦੇ ਰਾਜਧਾਨੀ ਖਾਤੇ ਵਿੱਚ ਸਕਾਰਾਤਮਕ (+) ਵਸਤੂਆਂ ਦੇ ਰੂਪ ਵਿੱਚ ਦਰਜ ਕੀਤੇ ਜਾਂਦੇ ਹਨ. (ਦੇਸ਼ ਵਿਚ ਵਿਦੇਸ਼ੀ ਮੁਦਰਾ ਦਾ ਪ੍ਰਵਾਹ)
2. ਸਾਰੇ ਪੂੰਜੀ ਲੈਣ-ਦੇਣ ਭੁਗਤਾਨ ਦੇ ਸੰਤੁਲਨ ਦੇ ਰਾਜਧਾਨੀ ਖਾਤੇ ਵਿਚ ਨਕਾਰਾਤਮਕ (-) ਇਕਾਈਆਂ ਦੇ ਤੌਰ ਤੇ ਦਰਜ ਕੀਤੇ ਜਾਂਦੇ ਹਨ. (ਦੇਸ਼ ਤੋਂ ਬਾਹਰ ਵਿਦੇਸ਼ੀ ਮੁਦਰਾ ਦਾ ਪ੍ਰਵਾਹ)
3. ਖਾਤੇ ਵਿੱਚ ਬਕਾਇਆ ਰਕਮ ਦਾ ਸ਼ੁੱਧ ਮੁੱਲ ਕੈਪੀਟਲ ਖਾਤੇ ਵਿੱਚ ਬਕਾਇਆ ਵਜੋਂ ਦਰਜ ਕੀਤਾ ਜਾਂਦਾ ਹੈ.